ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 15 Issue 31 Saturday, 16 May 2020 www.PUNJABIDUNIYA.com Published Weekly from New York

Thinking of Buying/Selling

WINZONE

Baldev Singh

Associate Broker

Cell : 917-224-7395



See Full Page Advt on Page 23

## ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਕੀਤਾ ਦਾਅਵਾ, ਕਰੋਨਾਵਾਇਰਸ ਦਾ ਇਲਾਜ ਲੱਭ ਗਿਆ ਹੈ

ਯੇਰੂਸ਼ਲਮ : ਇਜ਼ਰਾਈਲ ਦੇ ਰੱਖਿਆ ਮੰਤਰੀ ਨੈਫਲੇ ਬੇਨੇਟ ਨੇ ਕੋਰੋਨਾਵਾਇਰਸ ਲਈ ਇਕ ਟੀਕਾ ਤਿਆਰ ਕਰਨ ਦਾ ਦਾਅਵਾ ਕੀਤਾ ਹੈ। ਉਸਦੇ ਅਨੁਸਾਰ ਇਜ਼ਰਾਈਲ ਇੰਸਟੀਚਿਊਟ ਫਾਰ ਜੀਵ-ਵਿਗਿਆਨਕ ਖੋਜ (ਆਈ.ਆਈ.ਬੀ.ਆਰ.) ਨੇ ਟੀਕਾ ਤਿਆਰ ਕਰਨ ਵਿੱਚ ਸਫਲ ਹੋ ਗਈ ਹੈ। ਇਹ ਮਹਾਂਮਾਰੀ ਦੇ ਵਿਰੁੱਧ ਲੜਾਈ ਵਿਚ ਇਕ ਮੀਲ ਪੱਥਰ ਸਾਬਤ ਹੋਏਗਾ। ਰੱਖਿਆ ਮੰਤਰੀ ਬੇਨੇਟ ਨੇ ਕਿਹਾ ਕਿ ਆਈਆਈਬੀਆਰ ਦੇ ਖੋਜਕਰਤਾਵਾਂ ਨੇ ਕੋਰੋਨਾ ਲਈ ਐਂਟੀਬਾਡੀਜ਼ ਵਿਕਸਤ ਕੀਤੀਆਂ ਹਨ। ਇਹ ਐਂਟੀਬਾਡੀਜ਼ ਵਾਇਰਸ ਨੂੰ ਮੋਨੋਕੋਲਸ ਤਰੀਕੇ ਸਰੀਰ ਦੇ ਅੰਦਰ ਕੋਰੋਨਾ ਨੂੰ ਮਾਰਨ ਦੇ ਸਮਰੱਥ ਹੁੰਦੇ ਹਨ। ਇਹ ਸਪੱਸ਼ਟ ਨਹੀਂ ਹੈ ਕਿ ਮੁਕੱਦਮਾ ਮਨੁੱਖਾਂ 'ਤੇ ਹੋਇਆ ਜਾਂ ਨਹੀਂ ਬੇਨੇਟ ਨੇ ਕਿਹਾ ਕਿ ਐਂਟੀਬਾਡੀ ਫਾਰਮੂਲਾ ਪੇਟੈਂਟ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਹੀ ਅੰਤਰਰਾਸ਼ਟਰੀ ਕੰਪਨੀਆਂ ਨਾਲ ਵਪਾਰਕ ਉਤਪਾਦਨ ਲਈ ਸੰਪਰਕ ਕੀਤਾ ਜਾਵੇਗਾ। ਸਾਨੂੰ ਇਸ ਸਫਲਤਾ ਲਈ ਸੰਸਥਾ ਦੇ ਸਟਾਫ ਤੇ ਮਾਣ ਹੈ। ਹਾਲਾਂਕਿ, ਉਸਨੇ ਇਹ ਨਹੀਂ ਕਿਹਾ ਕਿ ਟੀਕੇ ਦੀ ਟਰਾਇਲ ਮਨੁੱਖਾਂ ਉੱਤੇ ਕੀਤਾ ਗਿਆ ਹੈ ਨਹੀਂ। ਇਜ਼ਰਾਈਲ ਵਿਚ ਕੋਰੋਨਾ ਨੇ 235 ਲੋਕਾਂ ਦੀ ਮੌਤ ਇਜ਼ਰਾਈਲ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਵਿੱਚ ਕੋਰੋਨਵਾਇਰਸ ਨਾਲ ਨਜਿੱਠਣ ਲਈ ਆਪਣੀਆਂ ਸਰਹੱਦਾਂ ਨੂੰ ਸੀਲ ਕਰ ਦਿੱਤਾ ਹੈ ਨਾਲ ਹੀ ਦੇਸ਼ ਵਿਚ ਸਖਤ ਪਾਬੰਦੀਆਂ ਲਗਾਈਆਂ ਗਈਆਂ ਸਨ। ਹੁਣ ਤੱਕ ਇਥੇ 16 ਹਜ਼ਾਰ 246 ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ 235 ਲੋਕਾਂ ਨੇ ਆਪਣੀਆਂ ਜਾਨਾਂ ਗੁਆਈ ਹਨ।

# ਅਮਰੀਕਾ 'ਚ ਅਪ੍ਰੈਲ ਮਹੀਨੇ ਗਈਆਂ 2 ਕਰੋੜ ਲੋਕਾਂ ਦੀਆਂ ਨੌਕਰੀਆਂ




ਵਾਸ਼ਿੰਗਟਨ: ਅਮਰੀਕੀ ਕੰਪਨੀਆਂ ਨੇ ਅਪ੍ਰੈਲ ਵਿੱਚ 2.02 ਕਰੋੜ ਨੌਕਰੀਆਂ ਦੀ ਕਟੌਤੀ ਕੀਤੀ। ਕੋਰੋਨਾ ਵਾਇਰਸ ਮਹਾਮਾਰੀ ਦੀ ਵਜ੍ਹਾ ਕਾਰਨ ਅਮਰੀਕਾ ਵਿੱਚ ਦਫ਼ਤਰ, ਕਾਰਖਾਨੇ, ਸਕੂਲ, ਉਸਾਰੀ ਕਾਰਜ ਅਤੇ ਸਟੋਰ ਬੰਦ ਹਨ। ਇਸ ਨਾਲ ਅਮਰੀਕੀ ਮਾਲੀ ਹਾਲਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।ਰੁਜ਼ਗਾਰ ਦੀ ਹਾਲਤ 'ਤੇ ਜਾਣਕਾਰੀ ਦੇਣ ਵਾਲੀ ਕੰਪਨੀ ਅਧਫ ਦੀ ਬੁੱਧਵਾਰ ਨੂੰ ਜਾਰੀ ਰਿਪੋਰਟ ਦੇ ਅਨੁਸਾਰ ਦੁਨੀਆ ਦੀ ਸਭ ਤੋਂ ਵੱਡੀ ਮਾਲੀ ਹਾਲਤ ਦਾ ਕੋਈ ਵੀ ਖੇਤਰ ਅਜਿਹਾ ਨਹੀਂ ਹੈ ਜਿਸ ਵਿੱਚ ਨੌਕਰੀਆਂ ਦੀ ਕਟੌਤੀ ਨਾਂ ਹੋਈ ਹੋਵੇ। ਪਿਛਲੇ ਮਹੀਨੇ ਹੋਟਲ ਖੇਤਰ ਵਿੱਚ 86 ਲੱਖ ਕਰਮਚਾਰੀ ਬੇਰੁਜ਼ਗਾਰ ਹੋਏ। ਵਪਾਰ, ਟ੍ਰਾਂਸਪੋਰਟ ਵਰਗੇ ਖੇਤਰਾਂ ਵਿੱਚ 34 ਲੱਖ ਕਰਮਚਾਰੀਆਂ ਦੀ ਨੌਕਰੀ ਗਈ। ਨਿਰਮਾਣ ਕਪੰਨੀਆਂ ਨੇ 25 ਲੱਖ ਕਰਮਚਾਰੀਆਂ ਨੂੰ ਬਾਹਰ ਦਾ ਰਸਤਾ ਵਖਾਇਆ। ਉਥੇ ਹੀ ਉਤਪਾਦਨ ਕੰਪਨੀਆਂ ਨੇ 17 ਲੱਖ ਕਰਮਚਾਰੀਆਂ ਦੀ ਛਾਂਟੀ ਕੀਤੀ। ਨਿਜੀ ਉਦਯੋਗ ਦੀ ਇਹ ਰਿਪੋਰਟ ਅਮਰੀਕੀ ਲੇਬਰ ਵਿਭਾਗ ਦੇ ਮਾਸਿਕ ਅੰਕੜਿਆਂ ਤੋਂ ਦੋ ਦਿਨ ਪਹਿਲਾਂ ਆਈ ਹੈ। ਅਰਥਸ਼ਾਸਤਰੀਆਂ ਦਾ ਅਨੁਮਾਨ ਹੈ ਕਿ ਇਸ ਰਿਪੋਰਟ ਵਿੱਚ 2.1 ਕਰੋੜ ਨੌਕਰੀਆਂ ਦੀ ਕਟੌਤੀ ਦੀ ਗਿਣਤੀ ਆਵੇਗੀ। ਮਾਰਚ ਦੌਰਾਨ ਇਸ ਵਿੱਚ 7.01 ਲੱਖ ਦੀ ਗਿਰਾਵਟ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਬੇਰੁਜ਼ਗਾਰੀ ਦਰ ਵੀ 4.4 ਫੀਸਦੀ ਤੋਂ ਵਧਕੇ 16 ਫੀਸਦੀ ਦੇ ਪੱਧਰ 'ਤੇ ਪਹੁੰਚ ਗਈ ਹੈ।

## ਚੀਨ ਮੈਨੂੰ ਦੁਬਾਰਾ ਰਾਸ਼ਟਰਪਤੀ ਬਣਨ ਤੋਂ ਰੋਕਣ ਲਈ ਕੁਝ ਵੀ ਕਰ ਸਕਦਾ ਹੈ: ਡੋਨਾਲਡ ਟਰੰਪ

ਵਾਸ਼ਿੰਗਟਨ : ਅਮਰੀਕਾ ਕੋਰੋਨਾ ਵਾਇਰਸ ਨੂੰ ਲੈ ਕੇ ਚੀਨ 'ਤੇ ਲਾਏ ਦੋਸ਼ਾਂ ਨੂੰ ਬੰਦ ਕਰਦਾ ਪ੍ਰਤੀਤ ਨਹੀਂ ਹੁੰਦਾ। ਤਾਜ਼ਾ ਦੋਸ਼ 'ਤੇ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਨਵੰਬਰ' ਚ ਰਾਸ਼ਟਰਪਤੀ ਚੋਣਾਂ 'ਚ ਚੀਨ ਉਸ ਨੂੰ ਹਰਾਉਣ ਲਈ ਕੁਝ ਵੀ ਕਰ ਸਕਦਾ ਹੈ। ਉਸਨੇ ਦਾਅਵਾ ਕੀਤਾ ਹੈ ਕਿ ਚੀਨ ਕੋਰੋਨਾਵਾਇਰਸ ਦੀ ਸਥਿਤੀ ਨਾਲ ਜਿਸ ਤਰੀਕੇ ਨਾਲ ਪੇਸ਼ ਆਇਆ ਹੈ, ਉਹ ਇਸਦਾ ਸਬੂਤ ਹੈ। ਇਕ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ ਕਿ ਉਹ ਉਨ੍ਹਾਂ ਨਤੀਜਿਆਂ ਬਾਰੇ ਸੋਚ ਰਹੇ ਹਨ ਜਿਨ੍ਹਾਂ ਦਾ ਨਤੀਜਾ ਬੀਜਿੰਗ ਨੂੰ ਭੁਗਤਣਾ ਪੈ ਸਕਦਾ ਹੈ। ਉਸਨੇ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਪਰ ਕਿਹਾ, 'ਮੈਂ ਬਹੁਤ ਕੁਝ ਕਰ ਸਕਦਾ ਹਾਂ.' ਟਰੰਪ ਨੇ ਬੁੱਧਵਾਰ ਨੂੰ ਕਿਹਾ ਕਿ ਬੀਜਿੰਗ ਨੂੰ ਛੇਤੀ ਹੀ ਦੁਨੀਆਂ ਨੂੰ ਕੋਰੋਨਾ ਵਾਇਰਸ ਬਾਰੇ ਦੱਸਣਾ ਚਾਹੀਦਾ ਸੀ। ਚੀਨ ਨੂੰ ਅਮਰੀਕੀ ਚੋਣਾਂ ਨਾਲ ਜੋੜਦੇ ਹੋਏ ਟਰੰਪ ਨੇ ਕਿਹਾ, ਚੀਨ ਇਸ ਦੌੜ ਵਿੱਚ ਮੈਨੂੰ ਹਰਾਉਣ ਲਈ ਕੁਝ ਵੀ ਕਰ ਸਕਦਾ ਹੈ। ਅਮਰੀਕਾ ਵਿੱਚ, ਐਂਟੀ-ਵਾਇਰਲ ਡਰੱਗ ਰੀਮੇਡੇਸੀਵਾਇਰ ਦੇ ਕੋਰੋਨਵਾਇਰਸ ਦੇ ਇਲਾਜ 'ਚ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਵਿਗਿਆਨਕ ਐਂਥਨੀ ਫੌਸੀ ਨੇ ਰੈਮੇਡਿਸਵੀਰ ਦੇ ਪਰੀਖਣ ਦੇ ਨਤੀਜਿਆਂ ਨੂੰ ਬਿਹਤਰ ਦੱਸਿਆ ਹੈ। ਫੌਸੀ ਨੇ ਉਮੀਦ ਜਤਾਈ ਹੈ ਕਿ ਇਹ ਦਵਾਈ ਵੱਧ ਰਹੀ ਮੌਤਾਂ ਦੀ ਦਰ ਨੂੰ ਰੋਕ ਸਕਦੀ ਹੈ। ਯੂਐਸ ਡਿਪਾਰਟਮੈਂਟ ਆਫ਼ ਫੂਡ ਡਰੱਗ ਐਂਡ ਐਡਮਿਨਿਸਟ੍ਰੇਸ਼ਨ (ਐਫ ਡੀ ਏ) ਜਲਦੀ ਹੀ ਇਸ ਦੀ ਵਰਤੋਂ ਦਾ ਐਲਾਨ ਕਰ ਸਕਦੀ ਹੈ।

# ਕੋਰੋਨਾਵਾਇਰਸ ਲੌਕਡਾਊਨ ਮਗਰੋਂ ਕਿਉਂ ਮਹਿੰਗਾ ਹੋਵੇਗਾ ਹਵਾਈ ਸ.ਫਰ

ਵਿਸ਼ਵ ਉਡਾਣ ਸਨਅਤ ਦੀ ਕੌਮਾਂਤਰੀ ਐਸੋਸੀਏਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਲੌਕਡਾਊਨ ਤੋਂ ਬਾਅਦ ਉਡਾਣਾਂ ਮੁੜ ਸ਼ੁਰੂ ਹੋਣਗੀਆਂ ਤਾਂ ਕੀਮਤਾਂ ਡਿੱਗਣਗੀਆਂ ਪਰ ਬਾਅਦ ਵਿੱਚ ਇਹ 50 ਫ਼ੀਸਦੀ ਤੱਕ ਵਧ ਜਾਣਗੀਆਂ। ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਏਅਰਲਾਈਨਜ਼ ਕੰਪਨੀਆਂ ਆਪਣੀਆਂ ਉਡਾਣਾਂ ਮੁੜ ਤੋਂ ਸ਼ੁਰੂ ਕਰਨ ਲਈ ਉਤਾਵਲੀਆਂ ਹਨ ਜਿਸ ਦਾ ਇੱਕ ਸਿੱਟਾ, ਓਵਰ-ਕਪੈਸਟੀ ਵਜੋਂ ਨਿਕਲ ਸਕਦਾ ਹੈ। ਜਦਕਿ ਗਾਹਕਾਂ ਵਿੱਚ ਹਵਾਈ ਸਫ਼ਰ ਦੀ ਮੰਗ ਘੱਟ ਰਹਿਣ ਕਾਰਨ ਹਵਾਈ ਕੰਪਨੀਆਂ ਉੱਪਰ ਦਬਾਅ ਵਧੇਗਾ। ਜੇ ਜ਼ਹਾਜ਼ ਕੰਪਨੀਆਂ ਨੂੰ ਸਰੀਰਕ ਦੂਰੀ ਕਾਰਨ ਜਹਾਜ਼ ਅੰਦਰ ਸੀਟਾਂ ਖਾਲੀ ਰੱਖਣ ਲਈ ਕਿਹਾ ਜਾਵੇਗਾ ਤਾਂ ਕਿਰਾਏ ਵਿੱਚ ਵੱਡਾ ਵਾਧਾ ਕਰਨਾ ਪਵੇਗਾ। ਮੌਜੂਦਾ ਦੂਰੀ ਰੱਖਣ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਹਵਾਈ ਜਹਾਜ਼ਾਂ ਵਿੱਚ ਵਿਚਕਾਰਲੀਆਂ ਸੀਟਾਂ ਖਾਲੀ ਰੱਖਣੀਆਂ ਪੈਣਗੀਆਂ। ਇਸ ਦਾ ਕੰਪਨੀਆਂ ਦੇ ਮੁਨਾਫ਼ੇ ਉੱਪਰ ਬਹੁਤ ਅਸਰ ਪਵੇਗਾ ਕਿਉਂਕਿ ਉਨ੍ਹਾਂ ਨੂੰ ਥੋੜ੍ਹੀਆਂ ਸਵਾਰੀਆਂ ਲੈ ਕੇ ਜਾਣੀਆਂ ਪੈਣਗੀਆਂ। ਰਾਇਨਏਅਰ ਦੇ ਬੌਸ ਮਾਈਕੇਲ ਓਲੇਰੀ ਨੇ ਕਿਹਾ ਕਿ ਵਿਚਕਾਰਲੀਆਂ ਸੀਟਾਂ ਖਾਲੀ ਰੱਖਣਾ ਬੇਵਕੂਫ਼ਾਨਾ ਸੀ। ਐਸੋਸੀਏਸ਼ਨ ਵੱਲੋਂ ਸਰਵੇਖਣ ਕੀਤੀਆਂ ਸਾਰੀਆਂ 122 ਵਿੱਚੋਂ 4 ਏਅਰਲਾਈਨਾਂ ਹੀ ਲੌਕਡਾਊਨ ਤੋਂ ਬਾਅਦ ਮੌਜੂਦਾ ਸਥਿਤੀ ਵਿੱਚ ਉਡਾਣ ਭਰ ਸਕਣਗੀਆਂ। ਕਾਰੋਬਾਰ ਵਿੱਚ ਟਿਕੇ ਰਹਿਣ ਲਈ ਏਅਰਲਾਈਨ ਕੰਪਨੀਆਂ ਲਈ ਕਿਰਾਇਆ ਵਧਾਉਣ ਤੋਂ ਇਲਵਾ ਹੋਰ ਕੋਈ ਰਾਹ ਨਹੀਂ ਹੈ। ਬਹੁਤ ਸਾਰੀਆਂ ਕੰਪਨੀਆਂ ਮੁਸਾਫ਼ਰਾਂ ਦੀ ਕਮੀ ਨਾਲ ਪਹਿਲਾਂ ਹੀ ਦੋ-ਚਾਰ ਹੋ ਰਹੀਆਂ ਹਨ ਤੇ ਉਨ੍ਹਾਂ ਦੇ ਜਹਾਜ਼ ਹਵਾਈ ਅੱਡਿਆਂ 'ਤੇ ਖੜ੍ਹੇ ਹਨ। ਮੰਗਲਵਾਰ ਨੂੰ ਵਰਜਿਨ ਅਟਲਾਂਟਿਕ ਨੇ ਕਿਹਾ ਕਿ ਉਹ ਨੌਕਰੀਆਂ ਵਿੱਚ 3,000 ਨੌਕਰੀਆਂ ਦੀ ਕਟੌਤੀ ਕਰੇਗੀ ਅਤੇ ਗੈਟਵਿਕ ਹਵਾਈ ਅੱਡੇ ਉੱਪਰ ਆਪਣਾ ਕੰਮ-ਕਾਜ ਬੰਦ ਕਰੇਗੀ। ਪਿਛਲੇ ਮਹੀਨੇ ਵਰਜਿਨ ਆਸਟਰੇਲੀਆ ਨੇ ਵਲੰਟਰੀ ਐਡਮਨਿਸਟਰੇਸ਼ਨ ਵਿੱਚ ਚਲੀ ਗਈ। ਖੇਤਰ ਦੇ ਵਿਸ਼ਲੇਸ਼ਕਾ ਦੀ ਰਾਇ ਹੈ ਹੋਰ ਕੰਪਨੀਆਂ ਵੀ ਅਜਿਹਾ ਕਰਨਗੀਆਂ। ਐਸੋਸੀਏਸ਼ਨ ਦੇ ਮੁੱਖ ਅਰਥਸ਼ਾਸਤਰੀ ਨੇ ਹਵਾਈ ਸਫ਼ਰ ਦੌਰਾਨ ਸਰੀਰਕ ਦੂਰੀ ਲਾਗੂ ਕਰਨ ਬਾਰੇ ਬਾਰੇ ਗੱਲ ਕਰਦਿਆਂ ਕਿਹਾ, ਇਹ ਸਮਝਣਾ ਕੁਝ ਗੁੰਝਲਦਾਰ ਹੈ ਕਿ ਕੰਪਨੀਆਂ ਮੁਨਾਫ਼ੇ ਨਾਲ ਕੰਮ ਕਿਵੇਂ ਕਰ ਸਕਣਗੀਆਂ। ਇਹ ਸਨੱਅਤ ਬਹੁਤ ਛੋਟੀ ਰਹਿ ਜਾਵੇਗੀ। ਉਨ੍ਹਾਂ ਦੀ ਟੀਮ ਦਾ ਤਰਕ ਹੈ ਕਿ ਵਿਚਕਾਰਲੀਆਂ ਸੀਟਾਂ ਖਾਲੀ ਰੱਖ ਕੇ ਲਾਗੂ ਕੀਤੀ ਗਈ ਸੋਸ਼ਲ-ਡਿਸਟੈਂਸਿੰਗ ਨਾਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਸ ਨਾਲ ਕੋਰੋਨਾਵਾਇਰਸ ਦੀ ਲਾਗ ਘਟੇਗੀ। ਐਸੋਸੀਏਸ਼ਨ ਮੁਤਾਬਕ ਸਗੋਂ ਮੁਸਾਫ਼ਰਾਂ ਨੂੰ ਸੁਰੱਖਿਅਤ ਸਫ਼ਰ ਲਈ ਚਿਹਰੇ ਉੱਪਰ ਮਾਸਕ ਪਾਉਣਾ ਚਾਹੀਦਾ ਹੈ। ਮੁਸਾਫ਼ਰਾਂ ਲਈ ਉਮੀਦ ਦੀ ਕਿਰਨ ਇਹ ਹੈ ਕਿ ਜਦੋਂ ਉਡਾਣ ਕੰਪਨੀਆਂ ਆਪਣਾ ਕੰਮ-ਕਾਜ ਸ਼ੁਰੂ ਕਰਨਗੀਆਂ ਤਾਂ ਉਹ ਗਾਹਕ ਖਿੱਚਣ ਲਈ ਸਸਤੀਆਂ ਦਰਾਂ ਉੱਪਰ ਟਿਕਟਾਂ ਵੇਚਣਗੀਆਂ। ਐਸੋਸੀਏਸ਼ਨ ਦਾ ਅਨੁਮਾਨ ਹੈ ਕਿ ਹਵਾਈ ਕੰਪਨੀਆਂ ਮੁਸਾਫ਼ਰਾਂ ਦੀ ਗਿਣਤੀ ਵਧਣ ਤੋਂ ਬਾਅਦ ਹੀ ਕਿਰਾਇਆ ਵਧਾ ਸਕਣਗੀਆਂ ਜੋ ਕਿ 2021 ਦੇ ਸ਼ੁਰੂ ਤੱਕ ਹੀ ਸੰਭਵ ਹੋ ਸਕੇਗਾ।

Home Business Auto

Insurance

See Full Page Advt on page 16

NLIGHT INSURANCE

(A Division of Nlight Financial LLC)

Call : 917-612-3158



# NYC ਵਿੱਚ ਰਹਿੰਦੇ ਹੋ?

## ਹਾਂ, ਤੁਸੀਂ ਜਨ-ਗਣਨਾ ਭਰੋ।

**ਜਿੰਨੇ ਜ਼ਿਆਦਾ ਨਿਊ ਯਾਰਕ ਵਾਸੀ** ਜਨ-ਗਣਨਾ ਭਰਦੇ ਹਨ, ਉੰਨਾ **ਜ਼ਿਆਦਾ ਪੈਸਾ** ਅਸੀਂ ਹੇਠ ਲਿਖੇ ਲਈ ਪ੍ਰਾਪਤ ਕਰਦੇ ਹਾਂ:

- ਸਕੂਲਾਂ
- ਨਿਵਾਸ
- ਸੀਨੀਅਰ ਸੈਂਟਰ
- ਨੌਕਰੀਆਂ
- ਸੜਕਾਂ ਅਤੇ ਪੁੱਲਾਂ
- ਹਸਪਤਾਲਾਂ

**ਆਵਾਸ ਜਾਂ ਨਾਗਰਿਕਤਾ ਲਈ ਕੋਈ ਸਵਾਲ ਨਹੀਂ ਹਨ**

## ਜਨ-ਗਣਨਾ ਸੌਖੀ ਅਤੇ ਸੁਰੱਖਿਅਤ ਹੈ

**ਹੁਣੇ ਇਸ ਨੂੰ My2020census.gov 'ਤੇ ਭਰੋ ਜਾਂ 1-844-330-2020 'ਤੇ (ਅੰਗਰੇਜੀ ਵਿੱਚ) ਕਾਲ ਕਰੋ।**

ਬੱਸ 10 ਸਵਾਲ:

- ਔਨਲਾਈਨ ਭਰੋ
- ਫ਼ੋਨ ਦੁਆਰਾ
- ਈਮੇਲ ਦੁਆਰਾ

ਇਸ ਬਾਰੇ ਕੋਈ ਸਵਾਲ ਨਹੀਂ:

- ਆਵਾਸ
- ਨਾਗਰਿਕਤਾ
- ਤੁਹਾਡੀ ਨੌਕਰੀ
- ਸਮਾਜਕ ਸੁਰੱਖਿਆ ਨੰਬਰ

ਕਾਨੂੰਨ ਦੁਆਰਾ, ਤੁਹਾਡੇ ਜਵਾਬ ਸਾਂਝੇ ਨਹੀਂ ਕੀਤੇ ਜਾ ਸਕਦੇ:

- ICE ਦੇ ਨਾਲ ਨਹੀਂ
- ਪੁਲਿਸ ਦੇ ਨਾਲ ਨਹੀਂ
- ਮਕਾਨ-ਮਾਲਕ ਦੇ ਨਾਲ ਨਹੀਂ
- ਕਿਸੇ ਦੇ ਨਾਲ ਵੀ ਨਹੀਂ

#GetCountedNYC

NYC Bill de Blasio Mayor | CENSUS 2020 Julie Menin Director







THE PRESIDENT'S **CORONAVIRUS GUIDELINES** FOR AMERICA

# 30 DAYS TO SLOW THE SPREAD

Listen to and follow the directions of your **STATE AND LOCAL AUTHORITIES.**

**IF YOU FEEL SICK,** stay home. Do not go to work. Contact your medical provider.

**IF YOUR CHILDREN ARE SICK,** keep them at home. Do not send them to school. Contact your medical provider.

**IF SOMEONE IN YOUR HOUSEHOLD HAS TESTED POSITIVE** for the coronavirus, keep the entire household at home. Do not go to work. Do not go to school. Contact your medical provider.

**IF YOU ARE AN OLDER PERSON,** stay home and away from other people.

**IF YOU ARE A PERSON WITH A SERIOUS UNDERLYING HEALTH CONDITION** that can put you at increased risk (for example, a condition that impairs your lung or heart function or weakens your immune system), stay home and away from other people.

THE WHITE HOUSE
CDC

For more information, please visit
**CORONAVIRUS.GOV**


STOP THE SPREAD OF GERMS
Help prevent the spread of respiratory diseases like COVID-19.
Avoid close contact with people who are sick.
Cover your cough or sneeze with a tissue, then throw the tissue in the trash.
Avoid touching your eyes, nose, and mouth.
Clean and disinfect frequently touched objects and surfaces.
Stay home when you are sick, except to get medical care.
Wash your hands often with soap and water for at least 20 seconds.
CDC
cdc.gov/COVID19
314915-A March 16, 2020 1:02 PM

# ਗੁਰਮੀਤ ਸਿੰਘ ਗਿੱਲ

**President, Indian Overseas Congress USA (Punjab Chapter)**

## ਨੂੰ ਸਮੁੱਚੇ ਅਮਰੀਕਾ ਦਾ ਕੋਆਰਡੀਨੇਟਰ ਨਿਯੁਕਤ ਕੀਤੇ ਜਾਣ 'ਤੇ

# ਬਹੁਤ ਬਹੁਤ ਮੁਬਾਰਕਾਂ



ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅਤੇ ਅਸੀਂ ਧੰਨਵਾਦੀ ਹਾਂ ਪੰਜਾਬ ਦੇ

## ਕੈਪਟਨ ਅਮਰਿੰਦਰ ਸਿੰਘ

ਮੁੱਖ ਮੰਤਰੀ, ਪੰਜਾਬ

## ਰਾਣਾ ਗੁਰਮੀਤ ਸਿੰਘ ਸੋਢੀ

ਐਨਆਰਆਈ ਖੇਡਾਂ ਅਤੇ ਯੁਵਕ ਮਾਮਲੇ ਮੰਤਰੀ,
ਪੰਜਾਬ ਸਰਕਾਰ



## ਅਮਰੀਕਾ ਵਿਚ ਕਾਂਗਰਸ ਪਾਰਟੀ ਦੇ ਝੰਡਾ ਬਰਦਾਰ (ਪੰਜਾਬ) ਚੈਪਟਰ ਯੂ. ਐਸ. ਏ



# ਗੁਰਮੀਤ ਸਿੰਘ ਗਿੱਲ

ਨੂੰ ਸਮੁੱਚੇ ਅਮਰੀਕਾ ਦਾ ਪੰਜਾਬ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।

ਅਸੀਂ ਆਸ ਕਰਦੇ ਹਾਂ ਕਿ ਉਹ ਅੱਗੇ ਵੀ ਇਸ ਤਰ੍ਹਾਂ ਪਾਰਟੀ
ਨੂੰ ਆਪਣਾ ਸਹਿਯੋਗ ਦਿੰਦੇ ਰਹਿਣਗੇ
ਅਤੇ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਲਗਨ ਅਤੇ ਤਨਦੇਹੀ ਨਾਲ ਨਿਭਾਉਣਗੇ।



**Rajinder Singh Happy**



**Harwider S. Walia**

# ਕੋਰੋਨਾ ਬਨਾਮ ਮਜ਼ਦੂਰਾਂ ਦੀ ਦਸ਼ਾ



ਕੋਰੋਨਾ ਮਹਾਮਾਰੀ ਕਾਰਨ ਹਾਸ਼ੀਏ 'ਤੇ ਰਹਿ ਰਹੀ ਮਜ਼ਦੂਰ ਜਮਾਤ ਦੀ ਦਸ਼ਾ ਬਦ ਤੋਂ ਬਦਤਰ ਹੋ ਗਈ ਹੈ। ਰਾਸ਼ਟਰ ਪੱਧਰ ਦੀ ਤਾਲਾਬੰਦੀ ਤੋਂ ਬਾਅਦ ਕਾਰਪੋਰੇਟ ਸੈਕਟਰ ਹੋਵੇ ਜਾਂ ਆਮ ਕਾਰਖਾਨੇ, ਸਭ ਅਦਾਰਿਆਂ ਨੇ ਮਜ਼ਦੂਰਾਂ ਦੀ ਵੱਡੇ ਪੱਧਰ 'ਤੇ ਛਾਂਟੀ ਕੀਤੀ ਹੈ। ਵਿਡੰਬਨਾ ਇਹ ਹੈ ਕਿ ਅਣਗਿਣਤ ਪਰਵਾਸੀ ਮਜ਼ਦੂਰ ਸੈਂਕੜੇ ਮੀਲਾਂ ਦਾ ਪੈਂਡਾ ਮਾਰ ਕੇ ਘਰਾਂ ਨੂੰ ਪਰਤ ਰਹੇ ਹਨ।

ਕੇਂਦਰ ਸਰਕਾਰ ਨੇ ਭਾਵੇਂ ਫਸੇ ਹੋਏ ਮਜ਼ਦੂਰਾਂ ਅਤੇ ਟੂਰਿਸਟਾਂ ਨੂੰ ਰਾਹਤ ਦਿੰਦਿਆਂ ਉਨ੍ਹਾਂ ਨੂੰ ਘਰ ਪਰਤਣ ਦੀ ਆਗਿਆ ਦੇ ਦਿੱਤੀ ਹੈ ਪਰ ਬਹੁਤਿਆਂ ਦੀਆਂ ਜੇਬਾਂ ਖ਼ਾਲੀ ਹੋਣ ਕਾਰਨ ਅਜਿਹਾ ਕਰਨਾ ਦੂਰ ਦੀ ਕੌਡੀ ਹੈ। ਵੈਸੇ ਵੀ ਆਮ ਲੋਕ ਮੰਦਹਾਲੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਖੇਤਾਂ, ਕਾਰਖਾਨਿਆਂ, ਫੈਕਟਰੀਆਂ ਅਤੇ ਮਿੱਲਾਂ ਵਿਚ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਇਨ੍ਹਾਂ ਦੇ ਪੱਲੇ ਕੁਝ ਨਹੀ ਪੈਂਦਾ। ਅਸੀਂ ਆਪਣੇ ਦੇਸ਼ 'ਚ ਕਿਰਤ ਸੱਭਿਆਚਾਰ ਨਹੀਂ ਉਸਾਰ ਸਕੇ।

ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ ਅਤੇ ਛੋਟੇ ਕਿਸਾਨ ਤੇਜ਼ੀ ਨਾਲ ਜ਼ਮੀਨਾਂ ਤੋਂ ਵਾਂਝੇ ਹੋ ਰਹੇ ਹਨ। ਕਰਜ਼ਿਆਂ ਦੇ ਬੋਝ ਹੇਠ ਆਏ ਕਿਸਾਨ ਅਤੇ ਖੇਤ ਮਜ਼ਦੂਰ ਆਏ ਦਿਨ ਆਤਮ-ਹੱਤਿਆਵਾਂ ਕਰ ਰਹੇ ਹਨ। ਕਿਰਤੀ ਨੂੰ ਦੋ ਵੇਲੇ ਦੀ ਰੋਟੀ ਵੀ ਨਹੀਂ ਮਿਲਦੀ। ਬੱਚਿਆਂ ਦੀ ਚੰਗੀ ਪੜ੍ਹਾਈ ਅਤੇ ਪਰਿਵਾਰ ਦੇ ਬਿਮਾਰ ਜੀਆਂ ਲਈ ਕੋਈ ਚੰਗਾ ਇਲਾਜ ਨਹੀਂ ਮਿਲਦਾ। ਕਾਰਪੋਰੇਟ ਜਗਤ ਨੇ ਆਨਲਾਈਨ ਸ਼ਾਪਿੰਗ ਸ਼ੁਰੂ ਕਰ ਕੇ ਦੁਕਾਨਦਾਰਾਂ ਅਤੇ ਛੋਟੇ ਕਾਰੋਬਾਰੀਆਂ ਦਾ ਧੰਦਾ ਚੌਪਟ ਕਰ ਦਿੱਤਾ ਹੈ। ਅਮੀਰ ਨਿੱਤ ਦਿਨ ਅਮੀਰ ਹੋ ਰਹੇ ਹਨ। ਭ੍ਰਿਸ਼ਟ ਰਾਜਨੀਤਕ ਨੇਤਾਵਾਂ ਦੀਆਂ ਜਾਇਦਾਦਾਂ ਵਿਚ ਬੇਸ਼ੁਮਾਰ ਵਾਧਾ ਹੋ ਰਿਹਾ ਹੈ। ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਕ ਵਾਰ ਕਿਹਾ ਸੀ ਕਿ ਸੌ 'ਚੋ ਸਿਰਫ਼ ਪੰਦਰਾਂ ਰੁਪਏ ਹੀ ਲੋੜਵੰਦਾਂ ਤਕ ਪੁੱਜਦੇ ਹਨ। ਅੱਜ ਉੱਚ ਸਿੱਖਿਆ ਪ੍ਰਾਪਤ ਲੋਕ ਵੱਡੇ ਘਰਾਣਿਆਂ ਦੇ ਕਰਿੰਦੇ ਬਣ ਕੇ ਰਹਿ ਗਏ ਹਨ।

ਇਕ ਰਿਪੋਰਟ ਮੁਤਾਬਕ ਅੱਜ ਭਾਰਤ 'ਚ ਗੋਦਾਮ ਚੌਲਾਂ ਅਤੇ ਕਣਕ ਨਾਲ ਭਰੇ ਪਏ ਹਨ। ਦੇਸ਼ ਦਾ ਅਨਾਜ ਖ਼ਰਾਬ ਹੋ ਰਿਹਾ ਹੈ। ਇਕ ਰਿਪੋਰਟ ਅਨੁਸਾਰ ਸਰਕਾਰ ਕੋਲ 71 ਮਿਲੀਅਨ ਮੀਟਰਿਕ ਟਨ ਖੁਰਾਕ ਦਾ ਭੰਡਾਰ ਹੈ ਜਦਕਿ ਕੋਰੋਨਾ ਮਹਾਮਾਰੀ ਕਾਰਨ ਇਹ ਕਿਰਤੀ ਵਰਗ ਉਸ ਅਨਾਜ ਲਈ ਤਰਸ ਰਿਹਾ ਹੈ। ਭਾਵੇਂ ਕਿ ਗੋਦਾਮਾਂ ਦਾ ਸ਼ਿੰਗਾਰ ਬਣਿਆ ਪਿਆ ਹੈ।

ਇਕ ਅਨੁਮਾਨ ਅਨੁਸਾਰ ਭਾਰਤ ਦੇ 92 ਪ੍ਰਤੀਸ਼ਤ ਮਜ਼ਦੂਰ ਅਸੰਗਠਿਤ ਖੇਤਰ ਵਿਚ ਕੰਮ ਕਰਦੇ ਹਨ ਜਿਨ੍ਹਾਂ ਨੂੰ ਕੋਈ ਸਥਾਈ ਵਿੱਤੀ ਸੁਰੱਖਿਆ ਨਹੀਂ ਮਿਲਦੀ। ਨਤੀਜੇ ਵਜੋਂ ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ 'ਤੇ ਅਸਰ ਪਵੇਗਾ। ਮਜ਼ਦੂਰਾਂ ਦੇ ਰੁਜ਼ਗਾਰ 'ਤੇ ਡਾਕਾ ਪੈਣ ਕਾਰਨ ਗ਼ਰੀਬੀ ਅਤੇ ਬੇਰੁਜ਼ਗਾਰੀ ਵਿਚ ਅੰਤਾਂ ਦਾ ਵਾਧਾ ਹੋਵੇਗਾ। ਮਜ਼ਦੂਰਾਂ ਦਾ ਬੱਚਿਆਂ ਸਮੇਤ ਸੈਂਕੜੇ ਮੀਲ ਦੂਰ ਜਾਣ ਲਈ ਪੈਦਲ ਤੁਰ ਪੈਣਾ ਦੁੱਖਾਂ ਦੀ ਸ਼ੁਰੂਆਤ ਲੱਗਦੀ ਹੈ। ਮਿਸਤਰੀ, ਮਜ਼ਦੂਰ, ਰਿਕਸ਼ਾ ਚਾਲਕ, ਰੇਹੜੀ ਤੇ ਠੇਲ੍ਹੇ ਵਾਲੇ, ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਜੋ ਰੋਜ਼ ਕਮਾ ਕੇ ਖਾਂਦੇ ਸਨ ਅਤੇ ਛੋਟਾ-ਮੋਟਾ ਕਿਰਾਏ ਦਾ ਘਰ ਲੈ ਕੇ ਜਾਂ ਝੌਂਪੜੀ ਵਿਚ ਰਹਿੰਦੇ ਸਨ ਲਾਕਡਾਊਨ ਕਾਰਨ ਬਿਹਾਰ, ਯੂਪੀ ਜਾਂ ਕਿਸੇ ਹੋਰ ਸੂਬੇ ਵਿਚ ਸਥਿਤ ਆਪਣੇ ਪਿੰਡਾਂ ਲਈ ਭੱਜੇ। ਬਵੰਜਾ ਸੀਟਾਂ ਵਾਲੀ ਬੱਸ ਵਿਚ ਸੌ-ਸੌ ਸਵਾਰੀਆਂ ਜਾ ਚੜ੍ਹੀਆਂ। ਇੱਥੋਂ ਤਕ ਕਿ ਰੇਲਗੱਡੀਆਂ ਤੇ ਬੱਸਾਂ ਦੀਆਂ ਛੱਤਾਂ 'ਤੇ ਵੀ ਸਫ਼ਰ ਹੁੰਦਾ ਰਿਹਾ ਹੈ। ਇਹ ਦ੍ਰਿਸ਼ ਸਾਬਤ ਕਰਦਾ ਹੈ ਕਿ ਸੱਤਰ-ਬਹੱਤਰ ਸਾਲਾਂ ਵਿਚ 40 ਕਰੋੜ ਗਰੀਬਾਂ ਲਈ ਆਪਣਾ ਘਰ ਨਹੀਂ ਬਣਿਆ। ਕੋਰੋਨਾ ਮਹਾਮਾਰੀ ਕਾਰਨ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਰਾਹਤ ਪੈਕੇਜ ਐਲਾਨੇ ਪਰ ਕੌੜੀ ਹਕੀਕਤ ਇਹ ਹੈ ਕਿ ਸਰਕਾਰਾਂ ਵੱਲੋਂ ਲੋਕਾਂ ਨੂੰ ਘਰਾਂ ਵਿਚ ਬੰਦ ਕਰਨ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਪਰ ਇਸ ਗੱਲ ਵੱਲ ਘੱਟ ਧਿਆਨ ਦਿੱਤਾ ਗਿਆ ਕਿ ਉਨ੍ਹਾਂ ਨੂੰ ਖਾਣ ਲਈ ਕੁਝ ਮਿਲ ਰਿਹਾ ਹੈ ਜਾਂ ਨਹੀਂ। ਜਲੰਧਰ ਦੀ ਖੇਡ ਮਾਰਕੀਟ ਦੇਸ਼ ਦੀ ਸਭ ਤੋਂ ਵੱਡੀ ਖੇਡ ਮਾਰਕੀਟ ਮੰਨੀ ਜਾਂਦੀ ਹੈ, ਉੱਥੇ ਵੀ ਲਗਪਗ 350 ਛੋਟੀਆਂ ਤੇ ਵੱਡੀਆਂ ਸਨਅਤਾਂ ਪ੍ਰਭਾਵਿਤ ਹੋਈਆਂ ਹਨ। ਉਕਤ ਖੇਡ ਮਾਰਕੀਟ ਨਾਲ ਲਗਪਗ 50000 ਕਾਮੇ ਜੁੜੇ ਹੋਏ ਹਨ। ਇਹ ਮਾਰਕੀਟ ਤਾਂ ਧਾਰਾ 370 ਖ਼ਤਮ ਕਰਨ ਵੇਲੇ ਹੀ ਲੀਹੋਂ ਲਹਿ ਗਈ ਸੀ। ਲੁਧਿਆਣਾ ਦੀ ਹੌਜ਼ਰੀ ਤੇ ਟੈਕਸਟਾਈਲ ਸਨਅਤ ਦੇ ਲਗਪਗ 15000 ਛੋਟੇ-ਵੱਡੇ ਯੂਨਿਟ ਪ੍ਰਭਾਵਿਤ ਹੋਏ ਹਨ ਜਿਸ ਕਾਰਨ ਲੱਖਾਂ ਮਜ਼ਦੂਰ ਬੇਰੁਜ਼ਗਾਰ ਹੋਏ ਹਨ। ਕਾਰਖਾਨੇ ਅਤੇ ਵਪਾਰਕ ਅਦਾਰੇ ਬੰਦ ਹੋ ਜਾਣ ਕਾਰਨ ਪਰਵਾਸੀ ਮਜ਼ਦੂਰਾਂ ਦੀ ਬਹੁਤ ਦੁਰਦਸ਼ਾ ਹੋਈ ਹੈ। ਸਮੇਂ ਦੀ ਲੋੜ ਹੈ ਕਿ ਕੋਰੋਨਾ ਸੰਕਟ ਖ਼ਤਮ ਹੋਣ ਤੋਂ ਬਾਅਦ ਸਰਕਾਰੀ ਜ਼ਮੀਨਾਂ 'ਤੇ ਸਸਤੇ ਕੁਆਰਟਰ ਬਣਾ ਕੇ ਕਿਸ਼ਤਾਂ ਜਾਂ ਕਿਰਾਏ 'ਤੇ ਲੋੜਵੰਦਾਂ ਨੂੰ ਦੇਣੇ ਚਾਹੀਦੇ ਹਨ ਤਾਂ ਜੋ ਮਜ਼ਦੂਰ ਮੀਂਹ-ਝੱਖੜ ਤੋਂ ਆਪਣਾ ਬਚਾਅ ਕਰ ਸਕਣ ਅਤੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ। ਰੱਬ ਨਾ ਕਰੇ ਕਿ ਜੇ ਕਿਤੇ ਅਜਿਹੀ ਬਿਪਤਾ ਆਵੇ ਤਾਂ ਪਰਵਾਸੀ ਮਜ਼ਦੂਰਾਂ ਨੂੰ ਹਿਜਰਤ ਨਾ ਕਰਨੀ ਪਵੇ।

ਕੋਰੋਨਾ ਕਾਰਨ ਸਮੁੱਚਾ ਅਰਥਚਾਰਾ ਬੁਰੀ ਤਰ੍ਹਾਂ ਠੱਪ ਹੋ ਕੇ ਰਹਿ ਗਿਆ ਹੈ। ਸੰਸਾਰ ਗੰਭੀਰ ਮੰਦਵਾੜੇ ਵੱਲ ਵੱਧ ਰਿਹਾ ਹੈ। ਕਿਰਤੀਆਂ ਅਤੇ ਮਜ਼ਦੂਰਾਂ ਨੂੰ ਛਾਂਟੀ ਅਤੇ ਬੇਰੁਜ਼ਗਾਰੀ ਦਾ ਡਰ ਸਤਾ ਰਿਹਾ ਹੈ ਅਤੇ ਲੱਖਾਂ ਕਾਮੇ ਬੇਰੁਜ਼ਗਾਰੀ ਭੱਤੇ ਲਈ ਅਰਜ਼ੀਆਂ ਦੇ ਰਹੇ ਹਨ। ਸੰਨ 2019 ਵਿਚ 55 ਦੇਸ਼ਾਂ ਵਿਚ 13.5 ਕਰੋੜ ਲੋਕਾਂ ਨੂੰ ਭੁੱਖਮਰੀ ਦਾ ਸ਼ਿਕਾਰ ਹੋਣਾ ਪਿਆ ਸੀ ਜਦਕਿ 2020 ਵਿਚ ਇਹ ਅੰਕੜਾ 26.5 ਕਰੋੜ ਤਕ ਪੁੱਜ ਸਕਦਾ ਹੈ। ਅੱਜ ਹਰ ਦੇਸ਼ ਦਾ ਮਜ਼ਦੂਰ ਉਦਾਸ ਹੈ। ਸਾਡਾ ਫਰਜ਼ ਬਣਦਾ ਹੈ ਕਿ ਜਿਸ ਨੇ ਸਾਨੂੰ ਖ਼ੁਸ਼ਹਾਲੀ ਦਿੱਤੀ ਹੈ, ਅਸੀਂ ਉਸ ਦੀ ਮਦਦ ਲਈ ਅੱਗੇ ਆਈਏ। ਪਹਿਲੇ ਤੇ ਦੂਜੇ ਵਿਸ਼ਵ ਯੁੱਧਾਂ ਤੋਂ ਵੀ ਬਦਤਰ ਹੈ ਅਜੋਕੀ ਸਥਿਤੀ। ਕੋਰੋਨਾ ਨੇ ਸਾਨੂੰ ਪਿਛਲੀ ਸਦੀ ਦਾ ਭੁੱਲਿਆ-ਵਿਸਰਿਆ ਮੰਦਵਾੜਾ ਯਾਦ ਕਰਵਾ ਦਿੱਤਾ ਹੈ। ਭਾਰਤ 'ਚ ਲਗਪਗ ਪੰਜ ਕਰੋੜ ਲੋਕ ਨੌਕਰੀਆਂ ਗੁਆ ਬੈਠੇ ਹਨ। ਮੁਲਕ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਮਜ਼ਦੂਰਾਂ ਦੀ ਦਸ਼ਾ ਕੱਖੋਂ ਹੌਲੀ ਕੀਤੀ ਹੋਈ ਹੈ। ਕੋਰੋਨਾ ਸੰਕਟ ਕਾਰਨ ਵਿਹਲੇ ਹੋਏ ਕਿਰਤੀ ਕਿਤੇ ਭੁੱਖਮਰੀ ਅਤੇ ਬਿਮਾਰੀਆਂ ਦਾ ਸ਼ਿਕਾਰ ਨਾ ਹੋ ਜਾਣ, ਇਸ ਦਾ ਫ਼ਿਕਰ ਕੇਂਦਰ ਤੇ ਸੂਬਾ ਸਰਕਾਰ ਨੂੰ ਕਰਨਾ ਚਾਹੀਦਾ ਹੈ।

ਕੋਰੋਨਾ ਦਾ ਪ੍ਰਭਾਵ ਭਵਿੱਖ ਵਿਚ ਅਰਥਚਾਰੇ ਤੇ ਮਜ਼ਦੂਰ ਵਰਗ 'ਤੇ ਪੈਣਾ ਲਾਜ਼ਮੀ ਹੈ। ਉਸ ਖੁੱਸੇ ਹੋਏ ਰੁਜ਼ਗਾਰ ਨੂੰ ਬਹਾਲ ਕਰਵਾਉਣਾ ਵੱਡੀ ਸਮੱਸਿਆ ਹੋਵੇਗੀ। ਸਰਕਾਰ ਨੂੰ ਗਰੀਬ, ਕਿਰਾਏਦਾਰ, ਸਨਅਤੀ ਕਾਮੇ, ਛੋਟੇ ਕਿਸਾਨ, ਖੇਤ ਮਜ਼ਦੂਰ, ਪੇਂਡੂ ਬੇਜ਼ਮੀਨੇ ਅਤੇ ਸ਼ਹਿਰੀ ਸਲੱਮ ਸਬਤੀਆਂ ਦੇ ਵਸਨੀਕਾਂ ਲਈ ਠੋਸ ਉਪਰਾਲੇ ਕਰਨੇ ਪੈਣਗੇ। ਸਰਕਾਰ ਨੂੰ ਪਤਾ ਹੈ ਕਿ ਕੋਰੋਨਾ ਕਾਰਨ ਹੋਏ ਲਾਕਡਾਊਨ ਦਾ ਮਾੜਾ ਅਸਰ ਥੋੜ੍ਹ ਚਿਰਾ ਨਹੀਂ ਹੋਵੇਗਾ। ਇਸ ਦੇ ਮੱਦੇਨਜ਼ਰ ਉਹ ਹੁਣ ਤੋਂ ਹੀ ਵਿੱਤੀ ਮੁਹਾਜ਼ 'ਤੇ ਸਭ ਜ਼ਰੂਰੀ ਕਦਮ ਚੁੱਕਣੇ ਸ਼ੁਰੂ ਕਰ ਦੇਵੇ।

**- ਹਰਭਜਨ ਸਿੰਘ**

# ਮਹਾਂਮਾਰੀਆਂ ਤੇ ਵਿਤਕਰੇਬਾਜ਼ੀ ਦੀਆਂ ਬਿਮਾਰੀਆ

ਚੌਦ੍ਹਵੀਂ ਸਦੀ ਦੌਰਾਨ ਫੈਲੀ ਪਲੇਗ ਦੀ ਮਹਾਂਮਾਰੀ 'ਬਲੈਕ ਡੈੱਥ' ਨੇ ਯੂਰੋਪ ਤੇ ਏਸ਼ੀਆ ਵਿਚ ਭਿਆਨਕ ਤਬਾਹੀ ਮਚਾਈ। ਇਹ ਇਨਸਾਨ ਲਈ ਭਾਰੀ ਮੁਸੀਬਤਾਂ ਅਤੇ ਮਨੁੱਖੀ ਵਿਤਕਰੇਬਾਜ਼ੀ ਦੇ ਬੇਰਹਿਮ ਪ੍ਰਗਟਾਵੇ ਦਾ ਕਾਰਨ ਬਣੀ। ਪਿਛਲੇ ਮਹੀਨੇ 'ਫਾਈਨੈਂਸ਼ੀਅਲ ਟਾਈਮਜ਼' ਵਿਚ ਛਪੇ ਆਪਣੇ ਲੇਖ 'ਚ ਕੋਲੰਬੀਆ ਯੂਨੀਵਰਸਿਟੀ ਦੇ ਇਤਿਹਾਸਕਾਰ ਸਾਈਮਨ ਸ਼ਾਮਾ ਨੇ ਲਿਖਿਆ ਹੈ: 'ਜੇ ਬਲੀ ਦਾ ਬੱਕਰਾ ਬਣਾਉਣਾ ਹੀ ਹਮੇਸ਼ਾ ਪਲੇਗ ਵਿਚ ਘਿਰੀਆਂ ਤਾਕਤਾਂ ਦੀ ਅਨੁਮਾਨਤ ਪ੍ਰਤੀਕਿਰਿਆ ਹੋਵੇ ਤਾਂ ਯਕੀਨਨ ਉਹ ਯਹੂਦੀਆਂ 'ਤੇ ਹੀ ਦੋਸ਼ ਲਾਉਣਗੇ। ਬਲੈਕ ਡੈੱਥ ਦੌਰਾਨ ਕੁਝ ਥਾਈਂ ਉਨ੍ਹਾਂ ਉੱਤੇ ਖੂਹਾਂ ਵਿਚ ਜ਼ਹਿਰ ਮਿਲਾਉਣ ਦੇ ਦੋਸ਼ ਲੱਗੇ; ਕਈ ਥਾਈਂ ਤਾਂ ਇੱਥੋਂ ਤੱਕ ਆਖਿਆ ਗਿਆ ਕਿ ਇਹ ਬਿਮਾਰੀ ਇਸਾਈਆਂ ਪ੍ਰਤੀ ਨਫ਼ਰਤ ਕਾਰਨ ਯਹੂਦੀਆਂ ਨੇ ਹੀ ਪੈਦਾ ਕੀਤੀ ਸੀ।

ਸ਼ਾਮਾ ਲਿਖਦਾ ਹੈ ਕਿ ਇਸ ਆਲਮੀ ਮਹਾਂਮਾਰੀ ਕਾਰਨ ਮੱਧਯੁਗੀ ਯੂਰੋਪ ਵਿਚ ਥਾਂ-ਥਾਂ ਇਸਾਈਆਂ ਨੇ ਯਹੂਦੀਆਂ ਉੱਤੇ ਹਮਲੇ ਕੀਤੇ। ਉਸ ਨੇ ਲਿਖਿਆ ਕਿ ਮਹਾਂਮਾਰੀਆਂ ਦੌਰਾਨ ਕਮਜ਼ੋਰ ਘੱਟਗਿਣਤੀਆਂ ਉੱਤੇ ਹਮਲੇ ਕਰਨਾ ਇਨਸਾਨ ਦਾ ਪੁਰਾਣਾ ਇਤਿਹਾਸ ਹੈ। ਅਮਰੀਕਾ ਦੇ ਪੂਰਬੀ ਸਾਹਿਲ ਉੱਤੇ 19ਵੀਂ ਸਦੀ ਦੌਰਾਨ ਹੈਜ਼ਾ ਫੈਲਿਆ ਤਾਂ ਅੰਗਰੇਜ਼ ਮੂਲ ਦੇ ਅਮਰੀਕੀ, ਜਿਹੜੇ ਪ੍ਰੋਟੈਸਟੈਂਟ ਇਸਾਈ ਸਨ, ਆਇਰਿਸ਼ ਮੂਲ ਦੇ ਤੇ ਕੈਥੋਲਿਕ ਇਸਾਈ ਅਮਰੀਕੀਆਂ ਦੇ ਗਲ਼ ਪੈ ਗਏ। ਉੱਥੇ ਇਕ ਸਵਦੇਸ਼ੀ ਲਹਿਰ ਖੜ੍ਹੀ ਹੋ ਗਈ ਜਿਸ ਨੇ 'ਆਇਰਿਸ਼ ਪਰਵਾਸੀਆਂ ਨੂੰ ਪ੍ਰੋਟੈਸਟੈਂਟ ਐਂਗਲੋ-ਅਮਰੀਕਾ ਲਈ ਦੂਹਰਾ ਖ਼ਤਰਾ' ਕਰਾਰ ਦੇ ਕੇ ਉਨ੍ਹਾਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਕਿਉਂਕਿ ਉਨ੍ਹਾਂ ਮੁਤਾਬਿਕ ਉਹ 'ਪੋਪਵਾਦ ਵੀ ਫੈਲਾਉਂਦੇ ਸਨ ਤੇ ਬਿਮਾਰੀਆਂ ਵੀ'।

ਸ਼ਾਮਾ ਦਾ ਲੇਖ ਯੂਰੋਪ ਤੇ ਅਮਰੀਕਾ ਵਿਚ ਮਹਾਂਮਾਰੀਆਂ ਦੇ ਇਤਿਹਾਸ 'ਤੇ ਲੰਬਾ-ਚੌੜਾ ਵੇਰਵਾ ਦਿੰਦਾ ਹੈ। ਇਸ ਦੇ ਨਾਲ ਹੀ ਹੁਣ ਮੈਂ ਆਧੁਨਿਕ ਭਾਰਤ ਵਿਚ ਫੈਲੀਆਂ ਮਹਾਂਮਾਰੀਆਂ ਬਾਰੇ ਹੋਏ ਦੋ ਵਿਸ਼ੇਸ਼ ਅਧਿਐਨਾਂ ਦੀ ਗੱਲ ਕਰਾਂਗਾ। ਸਾਲ 2002 ਵਿਚ 'ਅਰਬਨ ਹਿਸਟਰੀ' ਨਾਮੀ ਰਸਾਲੇ ਵਿਚ ਪ੍ਰਸ਼ਾਂਤ ਕਿਦਾਂਬੀ ਦਾ ਲੇਖ ਛਪਿਆ ਜਿਹੜਾ ਬੰਬਈ ਵਿਚ 1896 ਵਿਚ ਫੈਲੀ ਪਲੇਗ ਦੀ ਮਹਾਂਮਾਰੀ ਬਾਰੇ ਸੀ। ਉਸ ਨੇ ਪਾਇਆ ਕਿ ਅੰਗਰੇਜ਼ ਹਕੂਮਤ ਦੀਆਂ ਪਲੇਗ-ਰੋਕੂ ਨੀਤੀਆਂ ਸਾਫ਼ ਤੌਰ 'ਤੇ ਜਮਾਤੀ ਵਿਤਕਰੇ ਵਾਲੀਆਂ ਸਨ, 'ਜਿਨ੍ਹਾਂ ਸ਼ਹਿਰ ਦੇ ਆਸਪਾਸ ਅਤੇ ਸ਼ਹਿਰ ਵਿਚਲੇ ਗ਼ਰੀਬਾਂ ਉੱਤੇ ਹਮਲਿਆਂ ਦਾ ਰੂਪ ਧਾਰ ਲਿਆ'। ਅੰਗਰੇਜ਼ਾਂ ਤੇ ਭਾਰਤੀ ਉੱਚ ਵਰਗ ਦਾ ਖ਼ਿਆਲ ਸੀ ਕਿ ਇਹ ਬਿਮਾਰੀ ਸ਼ਹਿਰ ਦੀਆਂ ਮਲੀਨ ਬਸਤੀਆਂ ਵਿਚ ਰਹਿਣ ਵਾਲੇ ਲੋਕ ਫੈਲਾ ਰਹੇ ਸਨ। ਫਿਰ ਕੀ ਸੀ, ਗ਼ਰੀਬਾਂ ਦੀਆਂ ਬਸਤੀਆਂ ਉੱਤੇ ਵਿਆਪਕ ਹਮਲੇ ਹੋਣ ਲੱਗੇ, ਉਨ੍ਹਾਂ ਦੀਆਂ ਸੈਂਕੜੇ ਝੁੱਗੀਆਂ ਸਾੜ-ਫੂਕ ਤੇ ਢਾਹ ਦਿੱਤੀਆਂ ਗਈਆਂ। ਹਜ਼ਾਰਾਂ ਮੁੰਬਈਕਰ ਬੇਘਰ ਹੋ ਗਏ।

ਬੀਤੇ ਸਾਲ, ਇਤਿਹਾਸਕਾਰ ਡੇਵਿਡ ਆਰਨੌਲਡ ਨੇ ਕੈਂਬਰਿਜ ਯੂਨੀਵਰਸਿਟੀ ਵੱਲੋਂ ਛਾਪੇ ਜਾਂਦੇ ਰਸਾਲੇ 'ਟਰਾਂਜ਼ੈਕਸ਼ਨਜ਼ ਆਫ਼ ਦਾ ਰੌਇਲ ਹਿਸਟੌਰੀਕਲ ਸੁਸਾਇਟੀ' ਵਿਚ ਲੇਖ ਲਿਖਿਆ, ਜਿਹੜਾ ਭਾਰਤ ਵਿਚ 1918 'ਚ ਫੈਲੀ ਫਲੂ ਦੀ ਮਹਾਂਮਾਰੀ ਬਾਰੇ ਸੀ ਜਿਸ ਨੇ ਭਾਰਤੀ ਬਰ-ਏ-ਸਗ਼ੀਰ ਵਿਚ 1.20 ਕਰੋੜ ਤੋਂ ਵੱਧ ਜਾਨਾਂ ਲੈ ਲਈਆਂ। ਇਸ ਦੀ ਸਭ ਤੋਂ ਭਿਆਨਕ ਮਾਰ ਗ਼ਰੀਬਾਂ 'ਤੇ ਪਈ। ਆਰਨੌਲਡ ਮੁਤਾਬਿਕ ਇਸ ਬਾਰੇ ਸੈਂਟਰਲ ਪ੍ਰੋਵਿੰਸ ਦੇ ਸੈਨੇਟਰੀ ਕਮਿਸ਼ਨਰ ਦਾ ਕਹਿਣਾ ਸੀ: 'ਬਿਮਾਰੀ ਨਾਲ ਸਭ ਤੋਂ ਜ਼ਿਆਦਾ ਤਬਾਹੀ ਪਿੰਡਾਂ ਵਿਚ ਦੇਖੀ ਜਾ ਸਕਦੀ ਸੀ, ਜਿੱਥੇ ਲੋਕਾਂ ਦਾ ਬੁਰਾ ਹਾਲ ਸੀ। ਭੋਜਨ ਤੇ ਕੱਪੜਿਆਂ ਦੀ ਕਮੀ ਉਨ੍ਹਾਂ ਦੀਆਂ ਮੁਸੀਬਤਾਂ ਨੂੰ ਹੋਰ ਵਧਾ ਰਹੀ ਸੀ ਤੇ ਹਾਲਾਤ ਬਹੁਤ ਹੀ ਬਦਤਰ ਸਨ।' ਇਸ ਮੌਕੇ ਪੰਜਾਬ ਦੇ ਸੈਨੇਟਰੀ ਕਮਿਸ਼ਨਰ ਨੇ ਲਿਖਿਆ ਕਿ 'ਬਿਮਾਰੀ ਦੀ ਸਭ ਤੋਂ ਜ਼ਿਆਦਾ ਮਾਰ ਗ਼ਰੀਬਾਂ ਤੇ ਪੇਂਡੂਆਂ 'ਤੇ ਪਈ ਜਿਨ੍ਹਾਂ ਦੇ ਰਿਹਾਇਸ਼, ਡਾਕਟਰੀ ਸਹੂਲਤਾਂ, ਭੋਜਨ ਤੇ ਕੱਪੜਿਆਂ ਸਬੰਧੀ ਹਾਲਾਤ ਮਾੜੇ ਸਨ'। ਹੁਣ ਭਾਰਤ ਵਿਚ ਕੋਵਿਡ-19 ਦੀ ਮਾਰ ਨੇ ਦੋਵਾਂ- ਯੂਰੋਪ ਵਿਚ 14ਵੀਂ ਸਦੀ ਦੀ ਬਲੈਕ ਡੈੱਥ ਤੇ ਭਾਰਤ ਵਿਚ ਅੰਗਰੇਜ਼ ਹਕੂਮਤ ਵੇਲ਼ੇ ਦੀਆਂ ਮਹਾਂਮਾਰੀਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਇਸ ਦੌਰਾਨ ਧਾਰਮਿਕ ਘੱਟਗਿਣਤੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ; ਨਾਲ ਹੀ ਮਜ਼ਦੂਰ ਜਮਾਤ, ਜਿਹੜੀ ਪਹਿਲਾਂ ਹੀ ਬੜੀ ਮੰਦਹਾਲੀ ਵਿਚ ਹੈ, ਨੂੰ ਇਸ ਕਾਰਨ ਸਭ ਤੋਂ ਵੱਧ ਮੁਸ਼ਕਲਾਂ ਆ ਰਹੀਆਂ ਹਨ। ਕੀ ਅਜਿਹਾ ਹੋਣਾ ਚਾਹੀਦਾ ਸੀ? ਮੱਧਯੁਗੀ ਯੂਰੋਪ, ਜਦੋਂ ਇਸ ਦੀਆਂ ਰਿਆਸਤਾਂ ਵਿੱਤੀ ਤੌਰ 'ਤੇ ਇਸਾਈਅਤ ਦੀ ਪ੍ਰਧਾਨਤਾ ਨੂੰ ਸਮਰਪਿਤ ਸਨ, ਦੇ ਉਲਟ ਭਾਰਤ ਤਾਂ ਸਿਧਾਂਤਕ ਤੌਰ 'ਤੇ ਧਰਮ-ਨਿਰਪੱਖ ਮੁਲਕ ਹੈ। ਇਸੇ ਤਰ੍ਹਾਂ ਬ੍ਰਿਟਿਸ਼ ਰਾਜ, ਜੋ ਤਾਨਾਸ਼ਾਹ ਹਕੂਮਤ ਸੀ, ਦੇ ਉਲਟ ਭਾਰਤ ਇਕ ਆਜ਼ਾਦ ਗਣਰਾਜ ਹੈ, ਜਿਸ ਦੇ ਚੁਣੇ ਹੋਏ ਆਗੂ ਅਸੂਲਨ ਆਪਣੇ ਵੋਟਰਾਂ ਨੂੰ ਜਵਾਬਦੇਹ ਹਨ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਗ਼ਰੀਬ ਤੇ ਕਮਜ਼ੋਰ ਹਨ। ਕੋਵਿਡ-19 ਦੇ ਮੱਦੇਨਜ਼ਰ ਭਾਰਤ ਸਰਕਾਰ ਦਾ ਜਮਾਤੀ ਵਿਤਕਰਾ ਤਾਂ ਖ਼ੁਦ ਪ੍ਰਧਾਨ ਮੰਤਰੀ ਦੇ ਬਿਆਨਾਂ ਤੋਂ ਜ਼ਾਹਰ ਹੋ ਜਾਂਦਾ ਹੈ। ਇਸ ਬਿਮਾਰੀ ਕਾਰਨ ਯਕੀਨਨ ਲੌਕਡਾਊਨ ਜ਼ਰੂਰੀ ਸੀ, ਪਰ ਚੰਗਾ ਹੁੰਦਾ ਜੇ ਇਸ ਨੂੰ ਸਹੀ ਯੋਜਨਾਬੰਦੀ ਨਾਲ ਲਾਗੂ ਕੀਤਾ ਜਾਂਦਾ। ਦੱਖਣੀ ਅਫ਼ਰੀਕਾ ਦਾ ਅਰਥਚਾਰਾ ਵੀ ਭਾਰਤ ਵਾਂਗ ਦੂਰ-ਦੁਰਾਡਿਉਂ ਸ਼ਹਿਰਾਂ ਵਿਚ ਆਏ ਪਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੈ, ਪਰ ਉੱਥੇ ਇਨ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਆਪੋ-ਆਪਣੇ ਘਰੀਂ ਪਰਤਣ ਲਈ ਪੂਰੇ ਤਿੰਨ ਦਿਨ ਦਿੱਤੇ ਗਏ। ਅਜਿਹਾ ਭਾਰਤ ਵਿਚ ਕਿਉਂ ਨਹੀਂ ਕੀਤਾ ਜਾ ਸਕਿਆ? ਜੇ ਅਜਿਹਾ ਕੀਤਾ ਜਾਂਦਾ ਤਾਂ ਲੌਕਡਾਊਨ ਅਮਲ ਵਿਚ ਆਉਣ ਤੋਂ ਪਹਿਲਾਂ ਦੇਸ਼ ਵਾਸੀਆਂ ਨੂੰ ਉਨ੍ਹਾਂ ਦੀਆਂ ਮਨਚਾਹੀਆਂ ਥਾਵਾਂ ਉੱਤੇ ਵਾਪਸ ਪਹੁੰਚਾਉਣ ਵਿਚ ਰੇਲ ਤੇ ਬੱਸ ਨੈੱਟਵਰਕ ਨੂੰ ਵਰਤਣ ਪੱਖੋਂ ਮੁਕਾਬਲਤਨ ਘੱਟ ਪ੍ਰੇਸ਼ਾਨੀਆਂ ਆਉਂਦੀਆਂ। ਦੇਸ਼ ਦੇ ਸ਼ਹਿਰੀ ਮੱਧਵਰਗ ਦਾ ਆਪਣਾ ਸੁਰੱਖਿਆ ਢਾਂਚਾ ਹੈ, ਰਿਆਸਤ ਤੋਂ ਆਜ਼ਾਦ; ਜਿਨ੍ਹਾਂ ਕੋਲ ਨਿਵੇਸ਼, ਬੱਚਤ, ਆਮਦਨ, ਪੈਨਸ਼ਨਾਂ ਤੇ ਘਰ ਆਦਿ ਹਨ। ਇਹ ਅਸਾਸੇ ਉਨ੍ਹਾਂ ਲਈ ਅਚਾਨਕ ਆਈਆਂ ਬੇਕਾਬੂ ਔਕੜਾਂ ਦੇ ਟਾਕਰੇ 'ਚ ਸਹਾਈ ਹੁੰਦੇ ਹਨ। ਪਰ ਸ਼ਹਿਰਾਂ ਵਿਚ ਰਹਿੰਦੇ ਦੇਸ਼ ਦੇ ਕਰੋੜਾਂ ਪਰਵਾਸੀ ਮਜ਼ਦੂਰਾਂ ਕੋਲ ਅਜਿਹਾ ਕੁਝ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਜੇ ਉਨ੍ਹਾਂ ਨੂੰ ਅਚਾਨਕ ਕੰਮ ਤੋਂ ਜਵਾਬ ਮਿਲ ਜਾਵੇ ਤਾਂ ਉਨ੍ਹਾਂ ਕੋਲ ਘਰੀਂ ਪਰਤਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੁੰਦਾ, ਕਿਉਂਕਿ ਉੱਥੇ ਉਹ ਆਪਣੇ ਪਰਿਵਾਰਾਂ ਤੇ ਸਮਾਜਿਕ ਢਾਂਚੇ ਦੀ ਮਦਦ ਲੈ ਸਕਦੇ ਹਨ। ਪ੍ਰਧਾਨ ਮੰਤਰੀ ਵੱਲੋਂ ਵਾਰ-ਵਾਰ ਲੋਕਾਂ ਦੇ 'ਘਰਾਂ ਦੀਆਂ ਬਾਲਕੋਨੀਆਂ' ਦਾ ਕੀਤਾ ਜ਼ਿਕਰ ਸਾਫ਼ ਕਰਦਾ ਹੈ ਕਿ ਉਨ੍ਹਾਂ ਨੂੰ ਸਿਰਫ਼ ਮੱਧਵਰਗ ਦੀ ਸੁਰੱਖਿਆ ਦੀ ਹੀ ਫ਼ਿਕਰ ਸੀ। ਇਹ ਭਿਆਨਕ ਉਕਾਈ ਸੀ। ਇਸ ਸਾਰੇ ਹਾਲਾਤ ਦੌਰਾਨ ਪੈਦਲ ਹੀ ਸੈਂਕੜੇ ਕਿਲੋਮੀਟਰ ਦੂਰ ਆਪਣੇ ਘਰਾਂ ਨੂੰ ਪਰਤ ਰਹੇ ਲੱਖਾਂ ਭਾਰਤੀਆਂ ਉੱਤੇ ਪੁਲੀਸ ਵੱਲੋਂ ਢਾਹੇ ਤਸ਼ੱਦਦ ਦੀਆਂ ਤਸਵੀਰਾਂ ਕੋਵਿਡ-19 ਦੀਆਂ ਕੌੜੀਆਂ ਯਾਦਾਂ ਜ਼ਰੂਰ ਬਣੀਆਂ ਰਹਿਣਗੀਆਂ। ਲੌਕਡਾਊਨ ਲਾਗੂ ਹੋਣ ਤੋਂ ਬਾਅਦ ਹਕੂਮਤ ਦੇ ਸਰਾਸਰ ਜਮਾਤੀ ਵਿਤਕਰੇ ਦੀ ਇਕ ਹੋਰ ਮਿਸਾਲ ਉਦੋਂ ਦੇਖਣ ਨੂੰ ਮਿਲੀ ਜਦੋਂ ਉੱਤਰਾਖੰਡ ਵਿਚ ਫਸੇ ਗੁਜਰਾਤੀ ਤੀਰਥ ਯਾਤਰੀਆਂ ਨੂੰ ਲਿਆਉਣ ਲਈ ਲਗਜ਼ਰੀ ਬੱਸਾਂ ਭੇਜੀਆਂ ਗਈਆਂ। ਇਸੇ ਤਰ੍ਹਾਂ ਇਨ੍ਹਾਂ ਨਾਲੋਂ ਥੋੜ੍ਹੀਆਂ ਘੱਟ ਲਗਜ਼ਰੀ ਬੱਸਾਂ ਉੱਤਰ ਪ੍ਰਦੇਸ਼ ਤੇ ਹੋਰ ਸਰਕਾਰਾਂ ਵੱਲੋਂ ਕੋਟਾ (ਰਾਜਸਥਾਨ) ਵਿਚ ਫਸੇ ਮੱਧਵਰਗੀ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਲਿਆਉਣ ਲਈ ਭੇਜੀਆਂ ਗਈਆਂ। ਦੂਜਾ, ਸਰਕਾਰ ਨੇ ਬੜੇ ਔਖੇ ਹਾਲਾਤ ਦਾ ਸਾਹਮਣਾ ਕਰ ਰਹੇ ਮਜ਼ਦੂਰਾਂ ਨੂੰ ਆਪਣੇ ਘਰੀਂ ਜਾਣ ਦੀ ਇਜਾਜ਼ਤ ਦੇਣ ਤੇ ਉਨ੍ਹਾਂ ਲਈ ਵਿਸ਼ੇਸ਼ ਰੇਲਾਂ ਚਲਾਉਣ ਦਾ ਫ਼ੈਸਲਾ ਲੈਣ ਵਿਚ ਬੜੀ ਦੇਰ ਲਗਾ ਦਿੱਤੀ। ਭਾਰਤੀ ਸਮਾਜ ਦਾ ਬਹੁਗਿਣਤੀਵਾਦੀ ਪੱਖਪਾਤੀ ਰਵੱਈਆ ਤਾਂ ਅਨੇਕਾਂ ਤਰੀਕਿਆਂ ਨਾਲ ਸਾਹਮਣੇ ਆਉਂਦਾ ਹੈ। ਨਿਜ਼ਾਮੂਦੀਨ ਸਥਿਤ ਮਰਕਜ਼ ਵਿਚ ਹੋਈ ਤਬਲੀਗ਼ੀ ਜਮਾਤ ਦੀ ਮੀਟਿੰਗ ਯਕੀਨਨ ਗ਼ੈਰਜ਼ਿੰਮੇਵਾਰਾਨਾ ਕਾਰਵਾਈ ਸੀ। ਜਿਨ੍ਹਾਂ ਨੇ ਵੀ ਇਸ ਮੀਟਿੰਗ ਦੀ ਇਜਾਜ਼ਤ ਤੇ ਇਸ ਨੂੰ ਹੱਲਾਸ਼ੇਰੀ ਦਿੱਤੀ, ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਪਰ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਥਾਂ ਇਸ ਮੁਤੱਲਕ ਸਾਰਾ ਜ਼ੋਰ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਲਾ ਦਿੱਤਾ ਗਿਆ। ਇਸ ਸਬੰਧ ਵਿਚ ਹਾਕਮ ਪਾਰਟੀ ਦੇ ਮੈਂਬਰਾਂ (ਜਿਨ੍ਹਾਂ ਵਿਚ ਮੇਰੇ ਆਪਣੇ ਸੂਬੇ ਕਰਨਾਟਕ ਦਾ ਇਕ ਸੀਨੀਅਰ ਐੱਮਪੀ ਤੇ ਕਈ ਵਿਧਾਇਕ ਵੀ ਸ਼ਾਮਲ ਸਨ) ਵੱਲੋਂ ਵਰਤੀ ਭਾਸ਼ਾ ਨੂੰ ਅਗਾਂਹ ਵੱਖ-ਵੱਖ ਟੀਵੀ ਚੈਨਲਾਂ ਨੇ ਬੇਸ਼ਰਮੀ ਨਾਲ ਵਧਾ-ਚੜ੍ਹਾ ਕੇ ਪੇਸ਼ ਕੀਤਾ।

# ਕਰੋਨਾਵਾਇਰਸ ਦੀ ਮਹਾਂਮਾਰੀ ਅਤੇ ਵਿਸ਼ਵ ਆਰਥਿਕਤਾ

ਕਰੋਨਾਵਾਇਰਸ ਦੀ ਮਹਾਂਮਾਰੀ ਕਾਰਨ ਵਿਸ਼ਵ ਆਰਥਿਕਤਾ ਨੂੰ ਬਹੁਤ ਜ਼ਿਆਦਾ ਅਸਰ ਪਿਆ ਹੈ ਭਾਵੇਂ ਇਸ ਬਿਮਾਰੀ ਵਜੋਂ ਪੂਰੇ ਸੰਸਾਰ 'ਚ ਅਜੇ ਵੀ ਇਸ ਦਾ ਡਰ ਬਣਿਆ ਹੋਇਆ ਹੈ, ਜਿਨ੍ਹਾਂ ਸਮਾਂ ਇਸ ਮਹਾਂਮਾਰੀ ਦੀ ਕੋਈ ਦਵਾਈ ਨਹੀਂ ਬਣਦੀ ਲੋਕਾਂ 'ਚ ਇਹ ਡਰ ਬਣਿਆ ਹੀ ਰਹੇਗਾ। ਭਾਵੇਂ ਕਿ ਇਸ ਮਹਾਂਮਾਰੀ ਦੇ ਮਰੀਜ਼ਾਂ 'ਚ ਘਾਟ ਜ਼ਰੂਰ ਆਈ ਹੈ ਅਤੇ ਕਾਫੀ ਲੋਕ ਇਸ ਤੋਂ ਠੀਕ ਵੀ ਹੋ ਰਹੇ ਹਨ ਇਸ ਦਾ ਇਕ ਕਾਰਨ ਇਹ ਹੈ ਕਿ ਲੋਕ ਇਸ ਬਾਰੇ ਹੁਣ ਕਾਫੀ ਸੁਚੇਤ ਹੋ ਚੁਕੇ ਹਨ। ਇਸ ਮਹਾਂਮਾਰੀ ਦੇ ਸਿੱਟਿਆਂ ਨਾਲ ਵਿਸ਼ਵ ਆਰਥਿਕਤਾ 'ਤੇ ਵੱਡੀ ਸੱਟ ਵੱਜੀ ਹੈ।

ਕੁਝ ਆਰਥਕ ਮਾਹਿਰ ਤਾਂ ਇਸ ਨੂੰ 1929 ਵਾਲੀ ਮਹਾਮੰਦੀ ਤੋਂ ਵੀ ਵੱਡੀ ਕਿਆਸ ਲਗਾ ਰਹੇ ਹਨ। ਉਸ ਵਕਤ ਸਾਰਾ ਸੰਸਾਰ ਗੋਡਣੀਆਂ ਪਰਨੇ ਹੋ ਗਿਆ ਸੀ, ਪਰ ਸੰਸਾਰ ਦਾ ਸਿਰਫ ਇਕ ਮੁਲਕ ਸੀ, ਜਿਸ ਉਤੇ ਇਸ ਆਰਥਕ ਮਹਾਮੰਦੀ ਦਾ ਕੋਈ ਅਸਰ ਨਹੀਂ ਸੀ ਪਿਆ।

ਇਹ ਮੁਲਕ ਸਮਾਜਵਾਦੀ ਰੂਸ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਉਥੇ ਆਰਥਕਤਾ ਦਾ ਸਮੁੱਚਾ ਤਾਣਾ-ਬਾਣਾ ਸਰਕਾਰ ਦੇ ਕੰਟਰੋਲ ਹੇਠ ਸੀ। ਪਿਛੋਂ ਜਦੋਂ ਸੰਸਾਰ ਪ੍ਰਸਿਧ ਅਰਥ ਸ਼ਾਸਤਰੀ ਜੇ. ਐਮ. ਕੇਅਨਜ਼ ਦੀਆਂ ਸਲਾਹਾਂ ਮੁਤਾਬਕ ਸਾਰਾ ਸੰਸਾਰ ਮਹਾਮੰਦੀ ਤੋਂ ਬਾਹਰ ਨਿਕਲਣ ਲੱਗਾ ਤਾਂ ਉਦੋਂ ਵੱਖ-ਵੱਖ ਮੁਲਕ ਦੀਆਂ ਸਰਕਾਰਾਂ ਨੇ ਹੀ ਵੱਡਾ ਯੋਗਦਾਨ ਪਾਇਆ ਸੀ। ਕੇਅਨਜ਼ ਦੀ ਧਾਰਨਾ ਸੀ ਕਿ ਮਹਾਮੰਦੀ ਵਿਚੋਂ ਨਿਕਲਣ ਦਾ ਇਕੋ-ਇਕ ਰਾਹ ਇਹੀ ਹੈ ਕਿ ਹਰ ਸਰਕਾਰ ਵੱਖ-ਵੱਖ ਸੈਕਟਰਾਂ ਵਿਚ ਵੱਧ ਤੋਂ ਵੱਧ ਨਿਵੇਸ਼ ਕਰੇ। ਉਸ ਵਕਤ ਜਿਨ੍ਹਾਂ ਮੁਲਕਾਂ ਨੇ ਕੇਅਨਜ਼ ਦੀ ਸਲਾਹ ਮੁਤਾਬਕ ਵੱਡੇ ਪੱਧਰ ਉਤੇ ਖੁਦ ਪੂੰਜੀ ਨਿਵੇਸ਼ ਕੀਤਾ, ਉਹ ਛੇਤੀ ਹੀ ਮੰਦੀ ਵਿਚੋਂ ਬਾਹਰ ਆ ਗਏ।

ਇਸ ਪੱਖ ਤੋਂ ਅਮਰੀਕਾ ਦੀ ਸਥਿਤੀ ਵੱਖਰੀ ਹੈ। ਮੁਲਕ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਵੱਕਾਰੀ ਚੋਣਾਂ ਸਿਰ ਉਤੇ ਹਨ। ਇਸੇ ਲਈ ਰਾਸ਼ਟਰਪਤੀ ਡੋਨਲਡ ਟਰੰਪ, ਜੋ ਇਸ ਵਾਰ ਵੀ ਸੱਤਾਧਾਰੀ ਰਿਪਬਲਿਕਨ ਪਾਰਟੀ ਵਲੋਂ ਉਮੀਦਵਾਰ ਹਨ, ਨੇ ਲੌਕਡਾਊਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਇਸ ਪੱਖ ਤੋਂ ਟਰੰਪ ਦੀ ਕਈ ਪਾਸਿਓਂ ਤਿੱਖੀ ਨੁਕਤਾਚੀਨੀ ਵੀ ਹੋਈ। ਹੁਣ ਤਾਂ ਸੰਸਾਰ ਸਿਹਤ ਸੰਸਥਾ (ਡਬਲਿਊ. ਐਚ. ਓ.) ਦਾ ਵੀ ਕਹਿਣਾ ਹੈ ਕਿ ਲੌਕਡਾਊਨ ਤੋਂ ਬਿਨਾ ਇਹ ਬਿਮਾਰੀ ਜ਼ਿਆਦਾ ਫੈਲੇਗੀ। ਇਸ ਵਕਤ ਅਮਰੀਕਾ ਵਿਚ ਕਰੋਨਾ ਪੀੜਤਾਂ ਦੀ ਗਿਣਤੀ ਸਵਾ ਅੱਠ ਲੱਖ ਨੂੰ ਢੁੱਕ ਰਹੀ ਹੈ ਅਤੇ ਮ੍ਰਿਤਕਾਂ ਦੀ ਗਿਣਤੀ ਵੀ 45 ਹਜ਼ਾਰ ਤੋਂ ਉਪਰ ਚਲੀ ਗਈ ਹੈ, ਪਰ ਟਰੰਪ ਆਪਣੇ ਫੈਸਲੇ ਤੋਂ ਟੱਸ ਤੋਂ ਮੱਸ ਨਹੀਂ ਹੋਇਆ, ਸਗੋਂ ਹੁਣ ਤਾਂ ਟਰੰਪ ਪੱਖੀਆਂ ਅਤੇ ਰਿਪਬਲਿਕਨ ਪਾਰਟੀ ਵਾਲਿਆਂ ਨੇ ਲੌਕਡਾਊਨ-ਵਿਰੋਧੀ ਮਜਾਹਰੇ ਕਰਨੇ ਸ਼ੁਰੂ ਕਰ ਦਿੱਤੇ ਹਨ। ਯਾਦ ਰਹੇ, ਕੁਝ ਸਟੇਟਾਂ ਦੇ ਗਵਰਨਰਾਂ ਨੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੇ ਆਦੇਸ਼ ਜਾਰੀ ਕੀਤੇ ਹਨ। ਜਾਹਰ ਹੈ ਕਿ ਟਰੰਪ ਅਤੇ ਉਸ ਦੇ ਸਾਥੀਆਂ ਦਾ ਸਾਰਾ ਧਿਆਨ ਚੋਣਾਂ ਵਲ ਹੈ। ਇਸੇ ਦੌਰਾਨ ਟਰੰਪ ਦਾ ਇਕ ਹੋਰ ਫੈਸਲਾ ਆ ਗਿਆ ਹੈ। ਇਸ ਮੁਤਾਬਕ ਪਰਵਾਸੀਆਂ ਲਈ ਅਮਰੀਕਾ ਦੇ ਬੂਹੇ ਬੰਦ ਕੀਤੇ ਜਾ ਰਹੇ ਹਨ। ਟਰੰਪ ਨੇ ਟਵੀਟ ਕੀਤਾ ਹੈ ਕਿ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ਬਚਾਉਣ ਲਈ ਅਮਰੀਕਾ ਆਰਜ਼ੀ ਤੌਰ 'ਤੇ ਪਰਵਾਸੀਆਂ ਦੀ ਆਮਦ ਉਤੇ ਰੋਕ ਲਾ ਰਿਹਾ ਹੈ। ਚੇਤੇ ਰਹੇ, ਅਮਰੀਕਾ ਵਿਚ ਕਰੋਨਾ ਦੀ ਮਾਰ ਕਾਰਨ ਰਿਕਾਰਡ ਗਿਣਤੀ ਵਿਚ ਕਾਮਿਆਂ ਦੀ ਛਾਂਟੀ ਹੋ ਰਹੀ ਹੈ। ਅਜੇ ਪਿਛਲੇ ਹਫਤੇ ਹੀ 20 ਲੱਖ ਨਾਗਰਿਕਾਂ ਨੇ ਬੇਰੁਜ਼ਗਾਰੀ ਭੱਤਾ ਲੈਣ ਲਈ ਅਰਜ਼ੀ ਦਿੱਤੀ ਹੈ। ਸਾਫ ਹੈ ਕਿ ਟਰੰਪ ਦੇ ਫੈਸਲੇ ਸਿੱਧੇ ਸਿਆਸਤ ਤੋਂ ਪ੍ਰੇਰਤ ਹਨ ਅਤੇ ਇਨ੍ਹਾਂ ਫੈਸਲਿਆਂ ਦਾ ਨਿਸ਼ਾਨਾ ਵੋਟਾਂ ਹਨ।

ਭਾਰਤ ਵਿਚ ਇਸ ਤੋਂ ਐਨ ਉਲਟ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਰਥਕਤਾ ਦਾ ਸਭ ਫਿਕਰ ਛੱਡ ਕੇ ਲੌਕਡਾਊਨ ਨੂੰ ਚਿੰਬੜੇ ਹੋਏ ਹਨ। ਹੁਣ ਤਾਂ ਸਰਕਾਰ ਦਾ ਇਹ ਬਿਆਨ ਵੀ ਆ ਗਿਆ ਹੈ ਕਿ ਹਾਲਾਤ ਵਿਚ ਸੁਧਾਰ ਜੂਨ-ਜੁਲਾਈ ਵਿਚ ਹੀ ਹੋ ਸਕਣਗੇ, ਭਾਵ ਮਈ ਦੌਰਾਨ ਵੀ ਲੌਕਡਾਊਨ ਜਾਰੀ ਰਹਿਣ ਦੀਆਂ ਸੰਭਾਵਨਾਵਾਂ ਹਨ। ਇਸ ਵਿਚ ਕੁਝ ਕੁ ਛੋਟਾਂ ਦੇਣ ਦੀ ਮੰਗ ਲਗਾਤਾਰ ਉਠ ਰਹੀ ਹੈ, ਕਿਉਂਕਿ ਇਕ ਤਾਂ ਪਹਿਲਾਂ ਹੀ ਮੰਦੀ ਦਾ ਸ਼ਿਕਾਰ ਭਾਰਤੀ ਆਰਥਕਤਾ ਹੋਰ ਮੰਦੀ ਵਲ ਵਧ ਰਹੀ ਹੈ, ਦੂਜੇ ਪਾਸੇ ਗੁਰਬਤ ਦੀ ਮਾਰ ਸਹਿ ਰਹੇ ਲੋਕ ਬਹੁਤ ਜ਼ਿਆਦਾ ਮੁਸ਼ਕਿਲਾਂ ਵਿਚੋਂ ਲੰਘ ਰਹੇ ਹਨ। ਸਰਕਾਰ ਨੇ ਨਾ ਤਾਂ ਇਨ੍ਹਾਂ ਨੂੰ ਆਪੋ-ਆਪਣੇ ਟਿਕਾਣੇ ਉਤੇ ਪਹੁੰਚਣ ਵਿਚ ਮਦਦ ਕੀਤੀ ਹੈ ਅਤੇ ਨਾ ਹੀ ਇਨ੍ਹਾਂ ਦੀ ਦੋ ਵਕਤ ਦੀ ਰੋਟੀ ਦਾ ਕੋਈ ਇੰਤਜ਼ਾਮ ਕੀਤਾ ਹੈ। ਇਹ ਉਹ ਲੋਕ ਹਨ, ਜੋ ਰੋਜ਼ ਕਮਾ ਕੇ ਆਪਣੀ ਰੋਟੀ ਦਾ ਪ੍ਰਬੰਧ ਕਰਦੇ ਸਨ। ਇਹੀ ਨਹੀਂ, ਹੁਣ ਤਾਂ ਵੱਖ-ਵੱਖ ਖੇਤਰਾਂ ਦੇ ਕਾਮਿਆਂ ਉਤੇ ਛਾਂਟੀ ਦੀ ਤਲਵਾਰ ਵੀ ਲਟਕ ਗਈ ਹੈ। ਮੀਡੀਆ ਉਤੇ ਵੀ ਇਸ ਦਾ ਡਾਢਾ ਅਸਰ ਹੋਇਆ ਹੈ। ਕਰੋਨਾ ਕਾਰਨ ਸਭ ਕਾਰੋਬਾਰ ਬੰਦ ਹੋਣ ਕਾਰਨ ਮੀਡੀਆ ਨੂੰ ਇਸ਼ਤਿਹਾਰ ਮਿਲਣੇ ਬੰਦ ਹੋ ਗਏ ਹਨ। ਇਸ਼ਤਿਹਾਰ ਮੀਡੀਆ ਦੀ ਰੀੜ੍ਹ ਦੀ ਹੱਡੀ ਹਨ, ਅੱਜ ਕੱਲ੍ਹ ਇਸ਼ਤਿਹਾਰਾਂ ਤੋਂ ਬਿਨਾ ਮੀਡੀਆ ਦੀ ਹੋਂਦ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਬਹੁਤ ਸਾਰੇ ਮੀਡੀਆ ਅਦਾਰਿਆਂ ਨੇ ਆਪਣੇ ਮੁਲਾਜ਼ਮਾਂ ਨੂੰ ਬਾਹਰ ਦਾ ਰਾਹ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ ਜਾਂ ਤਨਖਾਹਾਂ ਵਿਚ ਕਟੌਤੀ ਕਰ ਦਿੱਤੀ ਹੈ। ਇਸੇ ਕਰਕੇ ਵਾਰ-ਵਾਰ ਸਵਾਲ ਉਠ ਰਹੇ ਹਨ ਕਿ ਲੌਕਡਾਊਨ ਨੂੰ ਪੜਾਅਵਾਰ ਖੋਲ੍ਹਣ ਵਾਲੇ ਪਾਸੇ ਤੁਰਨਾ ਚਾਹੀਦਾ ਹੈ, ਪਰ ਜਾਪਦਾ ਹੈ, ਮੋਦੀ ਸਰਕਾਰ ਅਜਿਹੇ ਕਿਸੇ ਫੈਸਲੇ ਦੀ ਥਾਂ ਸਗੋਂ ਰਾਜਾਂ ਉਤੇ ਸ਼ਿਕੰਜਾ ਕੱਸਣ ਦੀ ਤਿਆਰੀ ਵੱਧ ਕਰ ਰਹੀ ਹੈ। ਇਸੇ ਕਰ ਕੇ ਇਸ ਨੇ ਰਾਜਾਂ ਦੇ ਹਾਲਾਤ ਜਾਣਨ ਦੇ ਬਹਾਨੇ ਕੇਂਦਰੀ ਟੀਮਾਂ ਰਾਜਾਂ ਅੰਦਰ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਉਹ ਸੂਬੇ ਹਨ, ਜਿਥੇ ਵਿਰੋਧੀ ਦਲਾਂ ਦੀਆਂ ਸਰਕਾਰਾਂ ਹਨ। ਇਸ ਤੋਂ ਮੋਦੀ ਸਰਕਾਰ ਦੀ ਨੀਅਤ ਸਾਫ ਪਤਾ ਲੱਗ ਜਾਂਦੀ ਹੈ। ਸਪਸ਼ਟ ਹੈ ਕਿ ਭਾਰਤ 'ਚ ਮੋਦੀ ਸਰਕਾਰ ਕਰੋਨਾ ਦੇ ਬਹਾਨੇ ਰਾਜਾਂ ਉਤੇ ਕੇਂਦਰ ਸਰਕਾਰ ਦਾ ਸ਼ਿਕੰਜਾ ਹੋਰ ਕੱਸਣਾ ਚਾਹੁੰਦੀ ਹੈ।

ਕੈਨੇਡਾ 'ਚ ਹੁਣ ਤੱਕ 40 ਹਜ਼ਾਰ ਤੋਂ ਵੱਧ ਕੋਰੋਨਾਵਾਇਰਸ ਦੇ ਕੇਸ ਸਾਹਮਣੇ ਆ ਚੁੱਕੇ ਹਨ ਅਤੇ 2 ਹਜ਼ਾਰ ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਇਸ ਸਮੇਂ ਸਰਕਾਰ ਭਾਵੇਂ ਇਸ ਮੁਸ਼ਕਲ ਸਮੇਂ 'ਚ ਮਦਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਕਿ ਲੋਕਾਂ 'ਤੇ ਇਸ ਮੰਦਵਾੜੇ ਦਾ ਬਹੁਤ ਜ਼ਿਆਦਾ ਅਸਰ ਨਾ ਪਵੇ ਇਸ ਦੇ ਲਈ ਸਰਕਾਰ ਛੋਟੇ ਅਤੇ ਵੱਡੇ ਕਾਰੋਬਾਰੀਆਂ ਸਮੇਤ ਵਿਦੇਸ਼ੀ ਵਿਦਿਆਰਥੀਆਂ ਤੋਂ ਇਲਾਵਾ ਹਰ ਵਰਗ ਦੀ ਮਦਦ ਲਈ ਸਮੇਂ ਸਮੇਂ 'ਤੇ ਪ੍ਰਧਾਨ ਮੰਤਰੀ ਵਲੋਂ ਵੱਖ ਵੱਖ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਅਤੇ ਫੰਡ ਦੇਣ ਦੇ ਐਲਾਨ ਕੀਤੇ ਜਾ ਰਹੇ ਹਨ। ਓਂਟਾਰੀਓ ਅਤੇ ਕਿਊਬਿਕ ਨੂੰ ਛੱਡ ਕੇ ਕਈ ਸੂਬਿਆਂ ਵਲੋਂ ਪੜਾਅਵਾਰ ਲਾਕਡਾਊਨ ਨੂੰ ਖੋਲਣ ਦਾ ਵੀ ਐਲਾਨ ਕੀਤਾ ਹੈ। ਉਮੀਦ ਹੈ ਕਿ ਕੈਨੇਡਾ ਇਸ ਮਹਾਂਮਾਰੀ ਅਤੇ ਆਰਥਿਕ ਮੰਦਵਾੜੇ ਤੋਂ ਬਹੁਤ ਜਲਦ ਉਭਰ ਸਕੇਗਾ।

# ਐਨ. ਆਰ. ਆਈਜ਼, ਕੋਰੋਨਾ ਤੇ ਪੰਜਾਬ

ਪੰਜਾਬ ਵਿੱਚ ਐਨ.ਆਰ ਆਈਜ਼ ਆ ਕੇ ਕਸੂਤਾ ਫਸ ਗਏ ਹਨ। ਉਹਨਾਂ ਦੀ ਹਾਲਤ ਹੁਣ ਬਦ ਤੋਂ ਬਦਤਰ ਬਣ ਗਈ ਹੈ। ਸੋਸ਼ਲ ਮੀਡੀਆ ਉਪਰ ਵੀ ਉਨ੍ਹਾਂ ਵਿਰੁੱਧ ਭੰਡੀ ਪ੍ਰਚਾਰ ਹੋ ਰਿਹਾ ਹੈ। ਨਾਕਿਆਂ ਉਪਰ ਪ੍ਰੇਸ਼ਾਨੀ ਦਾ ਸਾਹਮਣਾ ਵੱਖਰਾ। ਪਹਿਲਾਂ ਏਨੀ ਮਾੜੀ ਤ੍ਰਾਸਦੀ ਉਨ੍ਹਾਂ ਕਦੇ ਨਹੀਂ ਸੀ ਵੇਖੀ। ਇਨ੍ਹਾਂ ਹਾਲਤਾਂ ਤੇ ਹਲਾਤਾਂ ਦੀ ਗੰਢ- ਤੁਪ ਕਿਵੇਂ ਹੋਈ। ਸਭ ਨੂੰ ਪਤਾ ਹੈ। ਇਹਦੇ ਬਾਰੇ ਬਹੁਤ ਕੁਝ ਦੱਸਣ ਦੀ ਜਰੂਰਤ ਨਹੀਂ। ਕਿਵੇਂ ਉਹ ਜਾਣ ਬੁਝਕੇ ਨਫ਼ਰਤ ਦਾ ਸ਼ਿਕਾਰ ਹੋ ਰਹੇ ਹਨ। ਦੁਨੀਆਂ ਭਰ 'ਚ ਅਜ ਦੀ ਭਿਆਨਕ ਮਹਾਂਮਾਰੀ ਕਾਹਦੀ ਆ ਗਈ। ਪੰਜਾਬ 'ਚ ਸਭ ਦੋਸ਼, ਕੋਰੋਨਾ ਵਾਇਰਸ ਦਾ ਵਿਦੇਸ਼ਾਂ ਤੋਂ ਆਏ ਪੰਜਾਬੀਆਂ ਸਿਰ ਹੀ ਮੜ੍ਹਿਆ ਜਾਣ ਲੱਗ ਪਿਆ ਹੈ। ਪੰਜਾਬ 'ਚ ਪਹਿਲਾਂ ਵਿਦੇਸ਼ੀ ਧਰਤੀ ਤੋਂ ਆਇਆ ਕੋਰੋਨਾਂ ਪੀੜਤ ਗਿਆਨੀ ਬਲਦੇਵ ਸਿੰਘ ਕਾਹਦਾ ਮਿਲਿਆ, ਇਸ ਬਿਮਾਰੀ ਦੀਆਂ ਪੰਜਾਬ ਵਿੱਚ ਸਾਰੀਆਂ ਪੰਡਾਂ ਐਨ. ਆਰ.ਆਈਜ਼ ਸਿਰ ਹੀ ਖੋਲ੍ਹੀਆਂ ਜਾ ਰਹੀਆਂ ਹਨ। ਖੈਰ ਮਾਰਦੇ ਦੀ ਸੋਟੀ ਤਾਂ ਫੜੀ ਜਾਂ ਸਕਦੀ ਹੈ, ਬੋਲਦੇ ਦੀ ਜ਼ੁਬਾਨ ਤਾਂ ਰੋਕਣੀ ਮੁਸ਼ਕਲ ਹੈ। ਜਿੰਨੇ ਮੂੰਹ ਉਨੀਆਂ ਹੀ ਗੱਲਾਂ।

ਸਦੀਆਂ ਤੋਂ ਪੰਜਾਬ ਦੇ ਲੋਕ ਪ੍ਰਦੇਸ਼ਾਂ 'ਚ ਵਸ ਰਹੇ ਹਨ। ਉਨ੍ਹਾਂ ਮਿਹਨਤ ਨਾਲ ਨਾਮ ਵੀ ਕਮਾਇਆ ਤੇ ਨਾਮਾ ਵੀ। ਉਨ੍ਹਾਂ ਨੇ ਪੰਜਾਬ ਜਾਂ ਮੁਲਕ ਦਾ ਕੁਝ ਨਹੀਂ ਜੇ ਵਿਗਾੜਿਆ ਸਗੋਂ ਸੰਵਾਰਿਆਂ ਹੀ ਹੈ। ਕਿਹੜੇ ਪਿੰਡ ਕਹਿੜਾ ਕੰਮ ਜਾਂ ਪ੍ਰੋਜੈਕਟ ਹੈ ਜਿਥੇ ਪੰਜਾਬੀ ਪ੍ਰਵਾਸੀ ਪੰਜਾਬੀਆਂ ਨੇ ਆਪਣਾਂ ਯੋਗਦਾਨ ਨਹੀਂ ਪਾਇਆ। ਭਾਵੇਂ ਪਿੰਡ ਦਾ ਸਕੂਲ ਹੋਵੇ ਟੂਰਨਾਮੈਂਟ ਹੋਵੇ, ਗੁਰਦੁਆਰਾ ਸਾਹਿਬ ਹੋਵੇ ਜਾਂ ਕਿਸੇ ਗਰੀਬ ਪ੍ਰੀਵਾਰ ਦੀ ਕੁੜੀ ਦਾ ਸ਼ਗਨ ਵਿਹਾਰ, ਹਰ ਥਾਂ ਪੰਜਾਬ ਵਿੱਚ ਵਿਦੇਸ਼ੀ ਵੀਰਾਂ ਨੇ ਪੰਜ ਮੰਗਣ ਤੇ ਪੰਜਾਹ ਹੀ ਦਿੱਤੇ ਹਨ। ਹੁਣ ਵੀ ਜੇਕਰ ਐਨ. ਆਰ.ਆਈਜ਼ ਪ੍ਰੀਵਾਰ ਬਾਹਰਲੇ ਮੁਲਕ ਤੋਂ ਆਉਂਦਾ ਹੈ ਤਾਂ ਉਸ ਪਾਸੋਂ ਹਰ ਇਕ ਦੀ ਜੋ ਝਾਕ ਹੁੰਦੀ ਹੈ। ਉਹ ਵੀ ਕਿਸੇ ਤੋਂ ਲੁੱਕੀ ਛਿਪੀ ਨਹੀਂ ਹੈ। ਐਨ .ਆਰ.ਆਈਜ਼ ਆਪਣੇ ਪ੍ਰੀਵਾਰ, ਸਰੀਕੇ ਦੀਆਂ ਲੋੜਾਂ ਹੀ ਪੂਰੀਆਂ ਨਹੀਂ ਕਰਦੇ ਬਲਕਿ ਆਪਣੇ ਪਿੰਡ ਜਾਂ ਸੂਬੇ ਦੀਆਂ ਲੋੜਾਂ ਵੀ ਪੂਰੀਆਂ ਕਰ ਰਹੇ ਹਨ। ਹੁਣ ਕੋਵਿਡ 19 ਦੇ ਮਾਮਲੇ ਵਿੱਚ ਪਹਿਲਾਂ ਚੀਨ ਸਿਰ ਭਾਂਡਾ ਭੰਨਦੇ ਰਹੇ। ਹੁਣ ਪ੍ਰਵਾਸੀ ਪੰਜਾਬੀਆਂ ਮਗਰ ਪੈ ਰਹੇ ਹਨ। ਇਹ ਕੋਈ ਵਧੀਆ ਰੁਝਾਨ ਨਹੀਂ ਹੈ। ਗੱਲ ਸਮਝਣ ਤੇ ਸਮਝਾਉਣ ਵਾਲੀ ਹੈ। ਐਨ. ਆਰ. ਆਈਜ਼ ਕੌਣ ਨੇ, ਤੁਹਾਡੇ ਭੈਣ -ਭਰਾ ਤਾਂ ਹਨ। ਕੋਈ ਬਿਗਾਨੇ ਨਹੀਂ। ਪੰਜਾਬ ਤੋਂ ਕੁਝ ਮੰਗਣ ਨਹੀਂ ਆਉਂਦੇ। ਬਲਕਿ ਪੰਜਾਬ 'ਚ ਆਪਣੇ ਲੋਕਾਂ ਦਾ ਕੁਝ ਸੰਵਾਰਨ ਹੀ ਆਉਂਦੇ ਹਨ। ਉਹਨਾਂ ਨੂੰ ਪ੍ਰਮਾਤਮਾਂ ਤੇ ਬੜਾ ਕੁਝ ਦਿੱਤਾ ਹੈ। ਉਹ ਤਾਂ ਆਪਣੀ ਮਾਤ ਭੂਮੀ ਨੂੰ ਨਤਮਸਤਕ ਆਉਣ ਲਈ ਆਉਂਦੇ ਹਨ। ਨਾਲ ਹੀ ਆਪਣੇ ਪੰਜਾਬ ਦੀ ਪੰਜਾਬੀਆਂ ਦੀ ਸਬਰ - ਸੰਤੋਖ ਨਾਲ ਖੈਰ ਸੁਖ ਵੀ ਮੰਗਦੇ ਹਨ। ਉਨ੍ਹਾਂ ਨੂੰ ਆਪਣੀ ਮਾਤ ਭੂਮੀ ਨਾਲ ਮੁਹੱਬਤ ਹੈ। ਦੇਸ਼ ਦੀ ਜੰਗ-ਏ-ਆਜ਼ਾਦੀ ਲਈ ਤਨ - ਮਨ ਤੇ ਧੰਨ ਨਾਲ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਕਰਤਾਰ ਸਿੰਘ ਸਰਾਭੇ ਦੀ ਮਿਸਾਲ ਸਾਡੇ ਸਭ ਦੇ ਸਾਹਮਣੇ ਹੈ।

ਬਾਹਰੋਂ ਆ ਰਹੇ ਪੰਜਾਬੀਆਂ ਨਾਲ ਸਭਿਅਕ ਸਲੀਕੇ ਨਾਲ ਸਲੂਕ ਕਰਨਾਂ ਬਣਦਾ ਹੀ ਨਹੀਂ ਬਲਕਿ ਸਾਡੇ ਪੰਜਾਬ ਵਾਲਿਆਂ ਦਾ ਫਰਜ਼ ਵੀ ਹੈ। ਇਹ ਉਹੀ ਪੰਜਾਬੀ ਬਾਹਰੋਂ ਆਏ ਹੋਏ। ਜਿੰਨ੍ਹਾਂ ਦੀ ?ਤੁਸੀਂ ਪੰਜਾਬ ਆਉਣ ਲਈ ਕਈ ਕਈ ਮਹੀਨੇ ਦੀ ਉਡੀਕ ਕਰਦੇ ਸੀ। ਆਇਆਂ ਨੂੰ ਅੱਖਾਂ ਦੀਆਂ ਪਲਕਾਂ ਤੇ ਬਿਠਾਉਂਦੇ ਸੀ। ਹੁਣ ਉਨ੍ਹਾਂ ਵਿਦੇਸ਼ਾਂ ਤੋਂ ਆਏ ਪੰਜਾਬੀਆਂ ਨੂੰ ਸ਼ੱਕ ਨਾਲ ਦੇਖਣਾ, ਮਿਹਨੇ ਮਾਰਨੇ ਸੋਭਾ ਨਹੀਂ ਦਿੰਦੇ। ਪ੍ਰਵਾਸੀ ਪੰਜਾਬੀ ਭਾਈਚਾਰਾ ਤੁਹਾਡੇ ਕੋਲੋ ਪਿਆਰ ਵਾਲੇ ਵਤੀਰੇ ਦੀ ਆਸ ਵੀ ਕਰਦਾ ਹੈ ਤੇ ਮੰਗ ਵੀ। ਬਾਹਰ ਬੈਠੇ ਹਰ ਪੰਜਾਬੀ ਦੇ ਦਿਲ ਦੀ ਇੱਛਾ ਦਿਨ ਰਾਤ ਏਹੋ ਹੀ ਹੁੰਦੀ ਹੈ ਕਿ ਪੰਜਾਬ ਤੋਂ ਹਮੇਸ਼ਾਂ ਠੰਢੀਆਂ ਹਵਾਵਾਂ ਦੇ ਬੁਲ੍ਹੇ ਹੀ ਆਉਣ। ਇਸ ਕਰਕੇ ਉਨ੍ਹਾਂ ਦੀ ਇਮਾਨਦਾਰੀ ਤੇ ਸਿਦਕ ਦਾ ਹੋਰ ਇਮਤਿਹਾਨ ਨਾਂ ਲਵੋਂ ਉਨ੍ਹਾਂ ਤੇ ਵਿਸ਼ਾਲ ਦਿਲ ਨਾਲ ਭਰੋਸਾ ਕਰੋ।

ਪ੍ਰਵਾਸ ਵਿੱਚ ਰਹਿੰਦਿਆਂ ਇਨ੍ਹਾਂ ਵਿਦੇਸ਼ੀ ਪੰਜਾਬੀਆਂ ਨੇ ਦਿਨ ਰਾਤ ਮਿਹਨਤ ਕਰਕੇ ਆਪਣੇ ਪੰਜਾਬ ਦਾ ਵਤਨ ਦਾ ਨਾਮ ਰੋਸ਼ਨ ਕੀਤਾ ਹੈ। ਰਾਤੋ-ਰਾਤ ਇਹ ਪ੍ਰਵਾਸੀ ਪੰਜਾਬ ਸਿਖਰ ਦੇ ਟੰਬੇ ਤੇ ਨਹੀਂ ਪਹੁੰਚੇ। ਦਹਾਕਿਆਂ ਬਾਦ ਵੱਡੇ-ਵੱਡੇ ਅਹੁਦਿਆਂ ਤੇ ਆਪਣੀ ਯੋਗਤਾ ਤੇ ਗੁਰੂਆਂ ਦੀ ਰਹਿਮਤ ਨਾਲ ਹੀ ਪਹੁੰਚੇ ਹਨ। ਅੱਜ ਸਰਕਾਰੇ ਦਰਬਾਰੇ ਵਿਦੇਸ਼ਾਂ ਦੀ ਧਰਤੀ ਤੇ ਇਨ੍ਹਾਂ ਨੂੰ ਸਲਾਮਾਂ ਐਵੇਂ ਨਹੀਂ ਹੋ ਰਹੀਆਂ।

ਖੈਰ ਵੇਲਾ ਨਾਜ਼ੁਕ ਹੈ ਤੇ ਸੰਭਲਣ ਦਾ ਵੀ ਹੈ। ਸਮੇਂ ਦੀ ਭਿਆਨਕ ਕੋਰੋਨਾ ਵਾਇਰਸ (ਕੋਵਿਡ-19) ਤੋਂ ਮੁਨਕਰ ਤਾਂ ਨਹੀਂ ਹੋਇਆ ਜਾ ਸਕਦਾ। ਪਰ ਇਸ 'ਚ ਇੱਕਲੇ ਪਰਵਾਸੀ ਪੰਜਾਬੀਆਂ ਦਾ ਹੀ ਕਸੂਰ ਨਹੀਂ। ਜੀ ਸਦਕੇ ਸਵੈ ਘੋਸ਼ਣਾ ਪੱਤਰ ਭਰਾਉ। ਸਵੈ -ਘੋਸ਼ਣਾ ਪੱਤਰ ਤਾਂ ਨਵੀਂ ਦਿੱਲੀ ਦੇ ਅੰਤਰ ਰਾਸ਼ਟਰੀ ਹਵਾਈ ਅੱਡੇ ਤੇ ਏਅਰ ਲਾਈਨ ਵਾਲੇ ਪਹਿਲਾਂ ਹੀ ਜਹਾਜ਼ ਉਤਰਨ ਤੋਂ ਭਰਵਾ ਲੈਂਦੇ ਹਨ। ਜਿਹੜਾ ਹਰ ਯਾਤਰੀ ਨੂੰ ਨਵੀਂ ਦਿਲੀ ਏਅਰਪੋਰਟ ਤੇ ਇਮੀਗਰੇਸ਼ਨ ਨੂੰ ਹੱਥੀਂ ਦੇਣਾ ਜਰੂਰੀ ਹੈ। ਉਸ ਤੋਂ ਪਹਿਲਾਂ ਕੋਰੋਨਾ ਦਾ ਸੰਖੇਪ ਟੈਸਟ ਵੀ। ਐਸੀਂ ਕੋਈ ਬਾਤ ਨਹੀਂ। ਇਸ ਭਿਆਨਕ ਬਿਮਾਰੀ ਨਾਲ ਨਜਿੱਠਣ ਦੇ ਤੌਰ ਤਰੀਕੇ ਅਪਨਾਓ। ਘਬਰਾਓ ਮੱਤ ! ਸਮਾਂ ਇਕੋ ਜਿਹਾ ਨਹੀਂ ਰਹਿੰਦਾ। ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਕਰੋ। ਸੰਜਮ ਵਰਤੋ। ਆਪਣੀ ਸਿਹਤ ਦਾ ਖਿਆਲ ਰੱਖੋ। ਲੋੜਵੰਦਾਂ ਦੀ ਮਦਦ ਜ਼ਰੂਰ ਕਰੋ। ਅਖੀਰ 'ਚ ਇਹੋ ਹੀ ਕਹਿਣਾ ਚਾਹੁੰਦੇ ਹਾਂ ਕਿ ਆਪਣਿਆਂ ਦੇ ਆਪਣੇ ਬਣੋ। ਪ੍ਰਵਾਸੀ ਹਰ ਤਰ੍ਹਾਂ ਤੁਹਾਡੇ ਨਾਲ ਖੜ੍ਹੇ ਵੀ ਹਨ ਤੇ ਖੜ੍ਹਨਗੇ ਵੀ। ਉਨ੍ਹਾਂ ਦੇ ਬੱਚੇ ਤਾਂ ਪਹਿਲਾਂ ਹੀ ਪੰਜਾਬ ਵੱਲ ਮੂੰਹ ਨਹੀਂ ਕਰ ਰਹੇ। ਕਿਤੇ ਅਜਿਹਾ ਵੀ ਨਾ ਹੋਵੇ ਅਸੀਂ ਬਾਹਰ ਬੈਠੇ ਪੰਜਾਬੀਆਂ ਨੂੰ ਏਨਾ ਹੀ ਵਿਸਾਰ ਦੇਈਏ ਕਿ ਉਹ ਵੀ ਪੰਜਾਬ ਵੱਲ ਮੂੰਹ ਹੀ ਨਾ ਕਰਨ। ਉਨ੍ਹਾਂ ਨੂੰ ਦਰਕਾਰ ਨਾ ਕਰੋ। ਸਰਬੱਤ ਦਾ ਭਲਾ ਮੰਗੋ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Steps to help prevent the spread of COVID-19 if you are sick

**FOLLOW THE STEPS BELOW:** If you are sick with COVID-19 or think you might have it, follow the steps below to help protect other people in your home and community.

## Stay home except to get medical care



- **Stay home:** People who are mildly ill with COVID-19 are able to recover at home. Do not leave, except to get medical care. Do not visit public areas.
- **Stay in touch with your doctor.** Call before you get medical care. Be sure to get care if you feel worse or you think it is an emergency.
- **Avoid public transportation:** Avoid using public transportation, ride-sharing, or taxis.

## Separate yourself from other people in your home, this is known as home isolation



- **Stay away from others:** As much as possible, you should stay in a specific "sick room" and away from other people in your home. Use a separate bathroom, if available.
- **Limit contact with pets & animals:** You should restrict contact with pets and other animals, just like you would around other people.
  - Although there have not been reports of pets or other animals becoming sick with COVID-19, it is still recommended that people with the virus limit contact with animals until more information is known.
  - When possible, have another member of your household care for your animals while you are sick with COVID-19. If you must care for your pet or be around animals while you are sick, wash your hands before and after you interact with them. See COVID-19 and Animals for more information.

## Call ahead before visiting your doctor



- **Call ahead:** If you have a medical appointment, call your doctor's office or emergency department, and tell them you have or may have COVID-19. This will help the office protect themselves and other patients.

## Wear a facemask if you are sick



- **If you are sick:** You should wear a facemask when you are around other people and before you enter a healthcare provider's office.
- **If you are caring for others:** If the person who is sick is not able to wear a facemask (for example, because it causes trouble breathing), then people who live in the home should stay in a different room. When caregivers enter the room of the sick person, they should wear a facemask. Visitors, other than caregivers, are not recommended.

## Cover your coughs and sneezes



- **Cover:** Cover your mouth and nose with a tissue when you cough or sneeze.
- **Dispose:** Throw used tissues in a lined trash can.
- **Wash hands:** Immediately wash your hands with soap and water for at least 20 seconds. If soap and water are not available, clean your hands with an alcohol-based hand sanitizer that contains at least 60% alcohol.

## Clean your hands often



- **Wash hands:** Wash your hands often with soap and water for at least 20 seconds. This is especially important after blowing your nose, coughing, or sneezing; going to the bathroom; and before eating or preparing food.
- **Hand sanitizer:** If soap and water are not available, use an alcohol-based hand sanitizer with at least 60% alcohol, covering all surfaces of your hands and rubbing them together until they feel dry.
- **Soap and water:** Soap and water are the best option, especially if hands are visibly dirty.
- **Avoid touching:** Avoid touching your eyes, nose, and mouth with unwashed hands.

## Avoid sharing personal household items



- **Do not share:** Do not share dishes, drinking glasses, cups, eating utensils, towels, or bedding with other people in your home.

DEPARTMENT OF HEALTH & HUMAN SERVICES · USA CDC

**cdc.gov/COVID19**

# ਕੀ ਹੈ ਕੋਰੋਨਾ ਕੈਰੀਅਰ ਦੇ ਮੀਡੀਆ ਪ੍ਰਾਪੇਗੰਡਾ ਪਿਛਲਾ ਸੱਚ ?



ਪੰਜਾਬ ਵਿੱਚ ਅਚਨਚੇਤ ਹੀ ਕਰੋਨਾ ਵਾਇਰਸ ਦੇ ਮਰੀਜਾਂ ਦੀ ਗਿਣਤੀ ਵਿੱਚ ਬੇਹਿਸਾਬ ਵਾਧਾ ਕਿਵੇਂ ਹੋ ਗਿਆ ? ਤਖਤ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਦੇ ਦਰਸ਼ਨਾਂ ਕਾਰਣ ਉਥੇ ਫਸ ਗਈਆਂ ਸੰਗਤਾਂ ਦੀ ਪੰਜਾਬ ਵਾਪਸੀ ਨੂੰ ਵੇਖਦਿਆਂ ਹਰ ਧਿਰ (ਉਹ ਸਰਕਾਰੀ ਹੋਵੇ ਜਾਂ ਮੀਡੀਆ) ਇਸਦਾ ਠੀਕਰਾ ਸਿੱਖ ਯਾਤਰੂਆਂ ਸਿਰ ਭੰਨਣਾ ਸ਼ੁਰੂ ਕਰ ਦਿੱਤਾ। ਗੁ: ਲੰਗਰ ਸਾਹਿਬ ਨੰਦੇੜ ਦੇ ਮੁਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ, ਬਾਬਾ ਨਰਿੰਦਰ ਸਿੰਘ ਬਾਰ ਬਾਰ ਕਹਿ ਰਹੇ ਸਨ ਕਿ ਨੰਦੇੜ ਵਿਖੇ ਰੁਕੀ ਸੰਗਤ ਦੀ ਸਕਰੀਨਿੰਗ ਕਰਵਾਈ ਗਈ ਸੀ। ਇਸਦੇ ਬਾਵਜ਼ੂਦ ਪੰਜਾਬ ਦੇ ਵੱਖ ਵੱਖ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਵਿੱਚ ਕਰੋਨਾ ਵਾਇਰਸ ਤੋਂ ਪੀੜਤਾਂ ਦੀ ਗਿਣਤੀ ਰੁਕਣ ਦਾ ਨਾਮ ਨਹੀ ਲੈ ਰਹੀ।

ਮਾਮਲੇ ਦੀ ਗੰਭੀਰਤਾ ਨੂੰ ਲੈਕੇ ਜਦੋਂ ਮਹਾਂਰਾਸ਼ਟਰ ਸਰਕਾਰ ਨੇ ਗੁਰਦੁਆਰਾ ਲੰਗਰ ਸਾਹਿਬ ਹੀ ਸੀਲ ਕਰਨ ਦਿੱਤਾ ਤਾਂ ਕੁਝ ਸੰਜੀਦਾ ਧਿਰਾਂ ਨੇ ਨੰਦੇੜ ਤੋਂ ਵੱਖ ਵੱਖ ਬੱਸਾਂ ਰਾਹੀਂ ਪੰਜਾਬ ਲਿਆਂਦੇ ਗਏ ਯਾਤਰੂਆਂ ਦਾ ਵਰਗੀਕਰਣ ਕਰਨਾ ਸ਼ੁਰੂ ਕਰ ਦਿੱਤਾ। ਐਸਾ ਕਰਦਿਆਂ ਹੀ ਜੋ ਗੱਲ ਉਭਰ ਕੇ ਸਾਹਮਣੇ ਆਈ ਉਹ ਇਹੀ ਹੈ ਕਿ ਨੰਦੇੜ ਤੋਂ ਲਿਆਂਦੇ ਗਏ ਸਾਰੇ ਹੀ ਲੋਕ ਸ਼ਰਧਾਲੂ ਨਹੀ ਬਲਕਿ ਉਨ੍ਹਾਂ ਉਹ ਲੋਕ ਸਨ ਜੋ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਚੋਂ ਮਹਾਂਰਾਸ਼ਰਟਰ, ਗੁਜਰਾਤ, ਕਰਨਾਟਕ, ਤਾਮਿਲ ਨਾਡੂ, ਉੜੀਸਾ ਤੇ ਕੇਰਲਾ ਸੁਬਿਆਂ ਵਿੱਚ ਵੱਖ-ਵੱਖ ਕਪਾਹ ਉਤਾਪਦਨ ਨਾਲ ਜੁੜੀਆਂ ਫੈਕਟਰੀਆਂ ਵਿੱਚ ਕੰਮ ਕਰਨ ਗਏ ਹੋਏ ਸਨ।

ਹੁਸ਼ਿਆਰਪੁਰ ਖੇਤਰ ਨਾਲ ਜੁੜੇ ਇੱਕ ਸੇਵਾ ਮੁਕਤ ਬ੍ਰਿਗੇਡੀਅਰ ਰਾਜ ਕੁਮਾਰ, ਜੋ ਕਿ ਬਲਾਚੌਰ ਦੇ ਹਲਕਾ ਇੰਚਾਰਜ ਵਾਂਗੂੰ ਵਿਚਰਦੇ ਹਨ, ਦੁਆਰਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਲਿਖੀ ਦੱਸੀ ਜਾਂਦੀ ਇੱਕ ਪਤਰਿਕਾ ਨੇ ਨੰਦੇੜ ਤੋਂ ਆਏ ਸ਼ਰਧਾਲੂਆਂ ਤੇ ਦੂਸਰੇ ਕੰਮਕਾਜੀ ਯਾਤਰੂਆਂ ਬਾਰੇ ਅੰਕੜੇ ਹੀ ਸਾਫ ਕਰ ਦਿੱਤੇ ਹਨ।

ਬ੍ਰਿਗੇਡੀਅਰ ਸਾਹਿਬ ਦੁਆਰਾ ਬੀਬਾ ਹਰਸਿਮਰਤ ਬਾਦਲ ਨੂੰ ਲਿਖੀ 24 ਅਪ੍ਰੈਲ 2020 ਦੀ ਚਿੱਠੀ ਕਪਾਹ ਉਤਪਾਦਨ ਨਾਲ ਜੁੜੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਲਾਕਡਾਊਨ ਕਾਰਣ ਉਥੇ ਫਸੇ ਲੋਕਾਂ ਦਾ ਦਰਦ ਬਿਆਨ ਰਹੀ ਹੈ। 'ਦੀ ਐਕਸ ਸਰਵਿਸਮੈਨ ਵੈਲਫੇਅਰ ਸੁਸਾਇਟੀ (ਰਜਿਟਡ)' ਦੇ ਲੈਟਰ ਪੈਡ ਤੇ ਲਿਖੀ ਪੱਤਰਿਕਾ ਇਹ ਵੀ ਜਾਹਰ ਕਰ ਦਿੰਦੀ ਹੈ ਕਿ ਸੇਵਾ ਮੁਕਤ ਬ੍ਰਿਗੇਡੀਅਰ ਸਾਹਿਬ ਅਕਾਲੀ ਦਲ ਦੀ ਟੀਮ ਦੇ ਹੀ ਮੈਂਬਰ ਹਨ। ਸ਼ਾਇਦ ਬ੍ਰਿਗੇਡੀਅਰ ਸਾਹਿਬ ਦੀ ਇਹ ਪੱਤਰਿਕਾ ਹੀ ਕਾਫੀ ਨਾ ਹੁੰਦੀ ਜੇਕਰ ਉਨ੍ਹਾਂ ਦੇ ਫੇਸਬੁੱਕ ਖਾਤੇ ਉਪਰ ਦਰਜ ਇਹ ਇਬਾਰਤ ਜਿਹੜੇ ਸਾਡੇ ਸਾਥੀ ਬਲਾਚੌਰ ਤੋਂ ਮਹਾਂਰਾਸ਼ਟਰ ਯਾ ਉਥੇ ਨਾਲ ਦੇ ਸੂਬਿਆਂ ਵਿੱਚ ਕਾਟਨ ਵਗੈਰਾ ਦਾ ਕੰਮ ਕਰਕੇ ਫਸੇ ਹੋਏ ਨੇ ,ਉਨ੍ਹਾਂ ਨੂੰ ਮੈਂ ਦੁਬਾਰਾ ਅਪੀਲ ਕਰਦਾਂ ਕਿ ਗੁਰਦੁਆਰਾ ਹਜ਼ੂਰ ਸਾਹਿਬ ਨੰਦੇੜ ਪਹੁੰਚ ਜਾਣ। ਮੰਜ਼ੂਰੀ ਮਿਲ ਚੁੱਕੀ ਹੈ। ਜਲਦੀ ਪੰਜਾਬ ਪਹੁੰਚਾਨ ਦੇ ਬੰਦੋਬਸਤ ਹੋ ਰਹੇ ਹਨ । ਇੱਕ ਸੁਨੇਹਾ ਨਜਰ ਆ ਰਹੀ ਹੈ ਫਸੇ ਹੋਏ ਲੋਕਾਂ ਲਈ ਬ੍ਰਿਗੇਡੀਅਰ ਸਾਹਿਬ ਨੇ ਇਹ ਫੇਸਬੁੱਕ ਪੋਸਟ 22 ਅਪਰੈਲ ਰਾਤ 10:21 ਤੇ ਪਾਈ ਸੀ। ਸ਼ਾਇਦ ਇਹੀ ਕਾਰਣ ਸੀ ਕਿ ਸੇਵਾ ਮੁਕਤ ਬ੍ਰਿਗੇਡੀਅਰ ਸਾਹਿਬ ਨੇ ਇੱਕ ਅਖਬਾਰੀ ਬਿਆਨ ਰਾਹੀਂ ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਸੰਗਤਾਂ ਨੂੰ ਵਾਪਿਸ ਪੰਜਾਬ ਲਿਆਉਣ ਲਈ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦਾ ਧੰਨਵਾਦ ਵੀ ਕੀਤਾ ।27 ਅਪ੍ਰੈਲ ਦੀ ਇੱਕ ਅਖਬਾਰ ਵਿੱਚ ਛਪੀ ਇਹ ਖਬਰ ਵੀ ਮਹਾਰਾਸ਼ਟਰ, ਗੁਜਰਾਤ ਤੇ ਤੇਲੰਗਾਨਾ ਰਾਜ ਵਿੱਚ ਫਸੇ ਪੰਜਾਬੀਆਂ ਦੀ ਵਾਪਿਸੀ ਦਾ ਜਿਕਰ ਕਰਦੀ ਹੈ। ਕਿਉਂਕਿ ਦੂਸਰੇ ਸੂਬਿਆਂ ਚੋਂ ਵਾਪਿਸ ਲਿਆਂਦੇ ਗਏ ਸਮੁੱਚੇ ਯਾਤਰੂਆਂ ਦੀ ਗੱਲ ਕਰਨ ਦੀ ਬਜਾਏ ਮੀਡੀਆ ਦਾ ਵੱਡਾ ਹਿੱਸਾ,ਪੰਜਾਬ ਵਿੱਚ ਕਰੋਨਾ ਦੇ ਫੈਲਾਅ ਨੂੰ ਬਾਰ ਬਾਰ ਤਖਤ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂਆਂ ਨਾਲ ਹੀ ਜੋੜ ਰਿਹਾ ਸੀ।

ਨੰਦੇੜ ਤੋਂ ਗੁ:ਪ੍ਰਬੰਧਕ ਅਤੇ ਸਰਕਾਰੀ ਦਸਤਾਵੇਜ ਵੀ ਸਾਫ ਕਰ ਰਹੇ ਸਨ ਕਿ ਨੰਦੇੜ ਵਿਚੱ ਤਾਂ ਕੋਈ ਕਰੋਨਾ ਪੀੜਤ ਹੈ ਹੀ ਨਹੀ ਸੀ। ਤਾਂ ਜਾਗਰੂਕ ਸੰਸਥਾਵਾਂ ਤੇ ਖੋਜੀ ਪੱਤਰਕਾਰ ਪੰਜਾਬ ਵਿੱਚ ਤੇਜੀ ਨਾਲ ਉਭਰੇ ਕਰੋਨਾ ਦੇ ਦੂਸਰੇ ਸਰੋਤ ਤਲਾਸ਼ਣ ਲਈ ਸੁਹਿਰਦ ਹੋਏ। ਅਸੀਂ ਪਹਿਲਾਂ ਵੀ ਸਪਸ਼ਟ ਕਰ ਚੁੱਕੇ ਹਾਂ ਕਿ ਕਰੋਨਾ ਨੂੰ ਕਿਸੇ ਜਾਤ ਮਜਹਬ ਜਾਂ ਧਰਮ ਨਾਲ ਨਾ ਜੋੜਿਆ ਜਾਏ ਪ੍ਰੰਤੂ ਜਦੋਂ ਕੁਝ ਲੋਕ ਬਾਰ ਬਾਰ ਹਰ ਮਾੜੀ ਘਟਨਾ ਨੂੰ ਘੱਟ ਗਿਣਤੀਆਂ ਤੇ ਉਨ੍ਹਾਂ ਦੇ ਧਰਮ ਸਥਾਨਾਂ ਨਾਲ ਜੋੜਨ ਲਈ ਪੱਬਾਂ ਭਾਰ ਰਹਿੰਦੀ ਹੈ ।ਕਿਸੇ ਵੀ ਧਿਰ ਨੇ ਇਸ ਕਰਕੇ ਕਿਸੇ ਦੂਸਰੇ ਸੂਬੇ ਵਿੱਚ ਫਸੇ ਪੰਜਾਬੀ ਦੀ ਵਾਪਸੀ ਲਈ ਯਤਨ ਨਹੀ ਕੀਤੇ ਕਿ ਕਰੋਨਾ ਪੰਜਾਬ ਆ ਜਾਵੇ । ਉਨ੍ਹਾਂ ਤਾਂ ਭਲਾ ਹੀ ਸੋਚਿਆ ਹੋਵੇਗਾ। ਲੇਕਿਨ ਸਿਆਸੀ ਧਿਰਾਂ ਨੇ ਇਸ ਔਖੇ ਸਮੇਂ ਵੀ ਸਿਰਫ ਇੱਕ ਦੂਸਰੇ ਦਾ ਵਿਰੋਧ ਜਿਤਾਉਣ ਲਈ ਹੀ ਦੂਸ਼ਣਬਾਜੀ ਦਾ ਰਾਹ ਅਖਤਿਆਰ ਕੀਤਾ।

ਲੇਖਕ : ਨਰਿੰਦਰਪਾਲ ਸਿੰਘ

# ਹਿੰਦੁਸਤਾਨ ਨੂੰ ਲੀਡਰਾਂ ਤੋਂ ਬਚਾਓ

ਅਸੀਂ ਇਕ ਲੰਮੇ ਅਰਸੇ ਤੋਂ ਇਹ ਰੌਲਾ ਸੁਣ ਰਹੇ ਹਾਂ। ਹਿੰਦੁਸਤਾਨ ਨੂੰ ਇਸ ਚੀਜ਼ ਤੋਂ ਬਚਾਓ, ਉਸ ਚੀਜ਼ ਤੋਂ ਬਚਾਓ, ਪਰ ਸੱਚਾਈ ਇਹ ਹੈ ਕਿ ਹਿੰਦੁਸਤਾਨ ਨੂੰ ਉਨ੍ਹਾਂ ਲੋਕਾਂ ਤੋਂ ਬਚਾਉਣਾ ਚਾਹੀਦਾ ਹੈ ਜੋ ਇਸ ਕਿਸਮ ਦਾ ਰੌਲਾ ਪਾ ਰਹੇ ਹਨ। ਇਹ ਲੋਕ ਰੌਲਾ ਪਾਉਣ ਦੇ ਫ਼ਨ ਵਿਚ ਮਾਹਿਰ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਪਰ ਉਨ੍ਹਾਂ ਦੇ ਦਿਲ ਪਵਿੱਤਰਤਾ ਤੋਂ ਬਿਲਕੁਲ ਖ਼ਾਲੀ ਹਨ। ਰਾਤ ਨੂੰ ਕਿਸੇ ਜਲਸੇ ਵਿਚ ਧੂੰਆਂਧਾਰ ਭਾਸ਼ਣ ਕਰਨ ਤੋਂ ਬਾਅਦ ਜਦੋਂ ਇਹ ਲੋਕ ਆਪਣੇ ਦਿਖਾਵੇ ਨਾਲ ਭਰਪੂਰ ਬਿਸਤਰਿਆਂ ਉੱਤੇ ਸੌਂਦੇ ਹਨ ਤਾਂ ਉਨ੍ਹਾਂ ਦੇ ਦਿਮਾਗ਼ ਬਿਲਕੁਲ ਖ਼ਾਲੀ ਹੁੰਦੇ ਹਨ। ਉਨ੍ਹਾਂ ਦੀਆਂ ਰਾਤਾਂ ਦਾ ਥੋੜ੍ਹਾ ਜਿਹਾ ਹਿੱਸਾ ਵੀ ਇਸ ਖ਼ਿਆਲ ਵਿਚ ਨਹੀਂ ਲੰਘਦਾ ਕਿ ਹਿੰਦੁਸਤਾਨ ਕਿਸ ਰੋਗ ਤੋਂ ਪੀੜਿਤ ਹੈ। ਅਸਲ ਵਿਚ ਉਹ ਆਪਣੇ ਰੋਗ ਦੇ ਇਲਾਜ-ਦਵਾ ਦਾਰੂ ਵਿਚ ਇਸ ਤਰ੍ਹਾਂ ਰੁੱਝੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਮੁਲਕ ਦੇ ਰੋਗ ਬਾਰੇ ਗ਼ੌਰ ਕਰਨ ਦਾ ਮੌਕਾ ਹੀ ਨਹੀਂ ਮਿਲਦਾ।

ਇਹ ਲੋਕ ਜੋ ਆਪਣੇ ਘਰਾਂ ਦਾ ਪ੍ਰਬੰਧ ਠੀਕ ਨਹੀਂ ਕਰ ਸਕਦੇ, ਇਹ ਲੋਕ ਜਿਨ੍ਹਾਂ ਦਾ ਕਿਰਦਾਰ ਬੇਹੱਦ ਘਟੀਆ ਹੁੰਦਾ ਹੈ, ਸਿਆਸਤ ਦੇ ਮੈਦਾਨ ਵਿਚ ਆਪਣੇ ਮੁਲਕ ਦਾ ਪ੍ਰਬੰਧ ਠੀਕ ਕਰਨ ਅਤੇ ਲੋਕਾਂ ਨੂੰ ਨੈਤਿਕਤਾ ਦਾ ਸਬਕ ਦੇਣ ਲਈ ਨਿਕਲਦੇ ਹਨ ਕਿਹੋ ਜਿਹੀ ਹਾਸੇ ਠੱਠੇ ਵਾਲੀ ਗੱਲ ਹੈ।

ਇਹ ਲੋਕ ਜਿਨ੍ਹਾਂ ਨੂੰ ਆਮ ਤੌਰ 'ਤੇ ਲੀਡਰ ਕਿਹਾ ਜਾਂਦਾ ਹੈ, ਸਿਆਸਤ ਅਤੇ ਮਜ਼ਹਬ ਨੂੰ ਲੰਙੜਾ, ਲੂਲਾ ਅਤੇ ਜ਼ਖ਼ਮੀ ਆਦਮੀ ਖ਼ਿਆਲ ਕਰਦੇ ਹਨ ਜਿਸ ਦੀ ਨੁਮਾਇਸ਼ ਕਰਦੇ ਹੋਏ ਸਾਡੇ ਮੁਲਕ ਵਿਚ ਭਿਖਾਰੀ ਆਮ ਤੌਰ ਉੱਤੇ ਭੀਖ ਮੰਗਦੇ ਹਨ। ਸਿਆਸਤ ਅਤੇ ਮਜ਼ਹਬ ਦੀ ਲਾਸ਼ ਸਾਡੇ ਇਹ ਨਾਮਵਰ ਲੀਡਰ ਆਪਣੇ ਮੋਢਿਆਂ ਉੱਤੇ ਚੁੱਕੀ ਫਿਰਦੇ ਹਨ ਅਤੇ ਸਿੱਧੇ ਸਾਦੇ ਲੋਕਾਂ ਨੂੰ, ਜੋ ਉੱਚੇ ਸੁਰ ਵਿਚ ਕਹੀ ਜਾਂਦੀ ਹਰ ਗੱਲ ਮੰਨ ਲੈਣ ਦੇ ਆਦੀ ਹੁੰਦੇ ਹਨ, ਇਹ ਕਹਿੰਦੇ ਫਿਰ ਰਹੇ ਹਨ ਕਿ ਉਹ ਇਸ ਲਾਸ਼ ਨੂੰ ਨਵੀਂ ਜ਼ਿੰਦਗੀ ਬਖ਼ਸ਼ ਰਹੇ ਹਨ।

ਮਜ਼ਹਬ ਜਿਹੋ ਜਿਹਾ ਸੀ ਉਹੋ ਜਿਹਾ ਹੀ ਹੈ ਅਤੇ ਹਮੇਸ਼ਾ ਇਹੋ ਜਿਹਾ ਹੀ ਰਹੇਗਾ। ਮਜ਼ਹਬ ਦੀ ਰੂਹ ਇਕ ਠੋਸ ਹਕੀਕਤ ਹੈ ਜੋ ਕਦੇ ਬਦਲ ਨਹੀਂ ਸਕਦੀ। ਮਜ਼ਹਬ ਇਕ ਅਜਿਹੀ ਚੱਟਾਨ ਹੈ ਜਿਸ ਉੱਤੇ ਸਮੁੰਦਰ ਦੀਆਂ ਗੁੱਸੇ ਨਾਲ ਭਰੀਆਂ ਲਹਿਰਾਂ ਵੀ ਅਸਰ ਨਹੀਂ ਕਰ ਸਕਦੀਆਂ। ਇਹ ਲੀਡਰ ਜਦੋਂ ਹੰਝੂ ਵਹਾ ਕੇ ਲੋਕਾਂ ਨੂੰ ਕਹਿੰਦੇ ਹਨ ਕਿ ਮਜ਼ਹਬ ਖ਼ਤਰੇ ਵਿਚ ਹੈ ਤਾਂ ਇਸ ਵਿਚ ਕੋਈ ਸੱਚਾਈ ਨਹੀਂ ਹੁੰਦੀ। ਮਜ਼ਹਬ ਅਜਿਹੀ ਚੀਜ਼ ਹੀ ਨਹੀਂ ਕਿ ਖ਼ਤਰੇ ਵਿਚ ਪੈ ਸਕੇ। ਜੇ ਕਿਸੇ ਗੱਲ ਦਾ ਖ਼ਤਰਾ ਹੈ ਤਾਂ ਉਹ ਲੀਡਰਾਂ ਦਾ ਹੈ ਜੋ ਆਪਣਾ ਉੱਲੂ ਸਿੱਧਾ ਕਰਨ ਲਈ ਮਜ਼ਹਬ ਨੂੰ ਖ਼ਤਰੇ ਵਿਚ ਪਾ ਦਿੰਦੇ ਹਨ।

ਹਿੰਦੁਸਤਾਨ ਨੂੰ ਇਨ੍ਹਾਂ ਲੀਡਰਾਂ ਤੋਂ ਬਚਾਓ ਜੋ ਮੁਲਕ ਦੀ ਫ਼ਿਜ਼ਾ ਵਿਗਾੜ ਰਹੇ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਤੁਸੀਂ ਨਹੀਂ ਜਾਣਦੇ, ਪਰ ਇਹ ਸੱਚਾਈ ਹੈ ਕਿ ਹਿੰਦੁਸਤਾਨ ਵਿਚਲੇ ਇਹ ਅਖੌਤੀ ਲੀਡਰ ਆਪਣੀ ਆਪਣੀ ਕੱਛ ਵਿਚ ਇਕ ਸੰਦੂਕਚੀ ਦਬਾਈ ਫਿਰਦੇ ਹਨ ਜਿਸ ਵਿਚ ਹਰ ਕਿਸੇ ਦੀਆਂ ਜੇਬ੍ਹਾਂ ਕੁਤਰ ਕੇ ਰੁਪਏ ਜਮ੍ਹਾਂ ਕਰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਇਕ ਲੰਮੀ ਦੌੜ ਹੈ। ਸਰਮਾਏ ਦੇ ਪਿੱਛੇ। ਉਨ੍ਹਾਂ ਦੇ ਹਰ ਸਾਹ ਵਿਚ ਤੁਸੀਂ ਫ਼ਰੇਬ ਅਤੇ ਛਲ-ਕਪਟ ਦੀ ਸੜਾਂਦ ਮਹਿਸੂਸ ਕਰ ਸਕਦੇ ਹੋ।

ਲੰਮੇ ਲੰਮੇ



ਜਲੂਸ ਕੱਢ ਕੇ, ਮਣਾਂ-ਮੂੰਹੀਂ ਭਾਰੇ ਹਾਰਾਂ ਦੇ ਹੇਠਾਂ ਦੱਬ ਕੇ, ਚੁਰਾਹਿਆਂ ਉੱਤੇ ਲੰਮੇ ਲੰਮੇ ਭਾਸ਼ਣਾਂ ਦੇ ਫੋਕੇ ਸ਼ਬਦ ਖਿਲਾਰ ਕੇ, ਸਾਡੀ ਕੌਮ ਦੇ ਇਹ ਅਖੌਤੀ ਮਾਰਗ ਦਰਸ਼ਕ ਸਿਰਫ਼ ਆਪਣੇ ਲਈ ਅਜਿਹਾ ਰਸਤਾ ਬਣਾਉਂਦੇ ਹਨ ਜੋ ਮੌਜ-ਮੇਲੇ ਵੱਲ ਜਾਂਦਾ ਹੈ।

ਇਹ ਲੋਕ ਚੰਦੇ ਇਕੱਠੇ ਕਰਦੇ ਹਨ ਪਰ ਕੀ ਉਨ੍ਹਾਂ ਨੇ ਅੱਜ ਤੱਕ ਬੇਕਾਰੀ ਦਾ ਹੱਲ ਪੇਸ਼ ਕੀਤਾ ਹੈ ? ਇਹ ਲੋਕ ਮਜ਼ਹਬ ਮਜ਼ਹਬ ਚੀਕਦੇ ਹਨ, ਪਰ ਕੀ ਉਨ੍ਹਾਂ ਨੇ ਖ਼ੁਦ ਕਦੇ ਮਜ਼ਹਬ ਦੇ ਹੁਕਮਾਂ ਦੀ ਪਾਲਣਾ ਕੀਤੀ ਹੈ ? ਇਹ ਲੋਕ ਜੋ ਖ਼ੈਰਾਤ ਵਿਚ ਦਿੱਤੇ ਹੋਏ ਮਕਾਨਾਂ ਵਿਚ ਰਹਿੰਦੇ ਹਨ, ਚੰਦਿਆਂ ਨਾਲ ਆਪਣਾ ਪੇਟ ਪਾਲਦੇ ਹਨ, ਜੋ ਮੰਗੀਆਂ ਹੋਈਆਂ ਚੀਜ਼ਾਂ ਉੱਤੇ ਜਿਉਂਦੇ ਹਨ, ਜਿਨ੍ਹਾਂ ਦੀ ਰੂਹ ਲੰਙੜੀ, ਦਿਮਾਗ਼ ਅਪਾਹਜ, ਜ਼ਬਾਨ ਲਕਵੇ ਦੀ ਸ਼ਿਕਾਰ ਅਤੇ ਹੱਥ ਪੈਰ ਸੁੰਨ ਹਨ; ਮੁਲਕ ਅਤੇ ਮਜ਼ਹਬ ਦੀ ਅਗਵਾਈ ਕਿਵੇਂ ਕਰ ਸਕਦੇ ਹਨ ?

ਹਿੰਦੁਸਤਾਨ ਨੂੰ ਬੇਸ਼ੁਮਾਰ ਲੀਡਰਾਂ ਦੀ ਲੋੜ ਨਹੀਂ ਜੋ ਨਿੱਤ ਨਵੇਂ ਤੋਂ ਨਵਾਂ ਰਾਗ ਅਲਾਪਦੇ ਹਨ। ਸਾਡੇ ਮੁਲਕ ਨੂੰ ਸਿਰਫ਼ ਇਕ ਲੀਡਰ ਦੀ ਲੋੜ ਹੈ ਜੋ ਹਜ਼ਰਤ ਉਮਰ ਜਿਹੀ ਪਵਿੱਤਰਤਾ ਰੱਖਦਾ ਹੋਵੇ, ਜਿਸ ਦੇ ਸੀਨੇ ਵਿਚ ਅਤਾਤੁਰਕ ਦਾ ਸਿਪਾਹੀ ਵਾਲਾ ਜਜ਼ਬਾ ਹੋਵੇ। ਜੋ ਨੰਗੇ ਪੈਰ ਅਤੇ ਭੁੱਖੇ ਢਿੱਡ ਅੱਗੇ ਵਧੇ ਅਤੇ ਮੁਲਕ ਦੇ ਬੇਲਗਾਮ ਅੱਥਰੇ ਘੋੜੇ ਦੇ ਮੂੰਹ ਵਿਚ ਲਗਾਮ ਪਾ ਕੇ ਉਸ ਨੂੰ ਆਜ਼ਾਦੀ ਦੇ ਮੈਦਾਨ ਵੱਲ ਦਲੇਰ ਮਰਦਾਂ ਵਾਂਗ ਲੈ ਜਾਵੇ।

ਯਾਦ ਰੱਖੋ ਮੁਲਕ ਦੀ ਸੇਵਾ ਢਿੱਡੋਂ ਭਰੇ ਹੋਏ ਲੋਕ ਕਦੇ ਨਹੀਂ ਕਰ ਸਕਣਗੇ। ਵੱਡੇ ਮਿਹਦੇ ਦੇ ਨਾਲ ਜੋ ਬੰਦਾ ਮੁਲਕ ਦੀ ਸੇਵਾ ਲਈ ਅੱਗੇ ਵਧੇ, ਉਸ ਨੂੰ ਲੱਤ ਮਾਰ ਕੇ ਬਾਹਰ ਕੱਢ ਦਿਓ। ਰੇਸ਼ਮੀ ਕੱਪੜੇ ਵਿਚ ਲਿਪਟੇ ਹੋਏ ਆਦਮੀ ਉਨ੍ਹਾਂ ਦੀ ਅਗਵਾਈ ਨਹੀਂ ਕਰ ਸਕਦੇ, ਜੋ ਸਖ਼ਤ ਜ਼ਮੀਨ ਉੱਤੇ ਸੌਣ ਦੇ ਆਦੀ ਹਨ ਅਤੇ ਜਿਨ੍ਹਾਂ ਦੇ ਸਰੀਰ ਨਰਮ ਅਤੇ ਨਾਜ਼ੁਕ ਪੁਸ਼ਾਕ ਤੋਂ ਹਮੇਸ਼ਾ ਅਣਜਾਣ ਰਹੇ ਹਨ, ਜੇ ਕੋਈ ਸ਼ਖ਼ਸ ਰੇਸ਼ਮੀ ਕੱਪੜੇ ਪਾ ਕੇ ਤੁਹਾਨੂੰ ਗ਼ੁਰਬਤ ਦੀ ਪੱਕੀ ਰੋਕ ਦੱਸਣ ਦੀ ਹਿੰਮਤ ਕਰੇ ਤਾਂ ਉਸ ਨੂੰ ਚੁੱਕ ਕੇ ਉੱਥੇ ਹੀ ਸੁੱਟ ਦਿਓ ਜਿੱਥੋਂ ਨਿਕਲ ਕੇ ਉਹ ਤੁਸਾਂ ਲੋਕਾਂ ਵਿਚ ਆਇਆ ਸੀ। ਇਹ ਲੀਡਰ ਖਟਮਲ ਹਨ ਜੋ ਮੁਲਕ ਦੇ ਮੰਜੇ ਵਿਚ ਚੂਲਾਂ ਦੇ ਅੰਦਰ ਵੜੇ ਹੋਏ ਹਨ। ਉਨ੍ਹਾਂ ਨੂੰ ਨ਼ਫਰਤ ਦੇ ਉੱਬਲਦੇ ਹੋਏ ਪਾਣੀ ਰਾਹੀਂ ਬਾਹਰ ਕੱਢ ਦੇਣਾ ਚਾਹੀਦਾ ਹੈ। ਇਹ ਲੀਡਰ ਜਲਸਿਆਂ ਵਿਚ ਸਰਮਾਏ ਅਤੇ ਸਰਮਾਏਦਾਰਾਂ ਵਿਰੁੱਧ ਜ਼ਹਿਰ ਉਗਲਦੇ ਹਨ, ਸਿਰਫ਼ ਇਸ ਲਈ ਕਿ ਖ਼ੁਦ ਸਰਮਾਇਆ ਇਕੱਠਾ ਕਰ ਸਕਣ। ਕੀ ਇਹ ਸਰਮਾਏਦਾਰਾਂ ਤੋਂ ਬੁਰੇ ਨਹੀਂ ? ਇਹ ਚੋਰਾਂ ਦੇ ਚੋਰ ਹਨ, ਲੁਟੇਰਿਆਂ ਦੇ ਲੁਟੇਰੇ। ਹੁਣ ਵੇਲਾ ਆ ਗਿਆ ਹੈ ਕਿ ਲੋਕ ਉਨ੍ਹਾਂ ਉੱਤੇ ਆਪਣੀ ਬੇਯਕੀਨੀ ਪ੍ਰਗਟ ਕਰ ਦੇਣ। ਲੋੜ ਹੈ ਕਿ ਫਟੀਆਂ ਹੋਈਆਂ ਕਮੀਜ਼ਾਂ ਵਾਲੇ ਨੌਜਵਾਨ ਉੱਠਣ ਅਤੇ ਰੋਹ ਦੇ ਇਰਾਦੇ ਨਾਲ ਆਪਣੇ ਚੌੜੇ ਸੀਨਿਆਂ ਵਿਚ ਸਮਾਏ ਇਨ੍ਹਾਂ ਅਖੌਤੀ ਲੀਡਰਾਂ ਨੂੰ ਇਸ ਉੱਚੇ ਮੁਕਾਮ ਤੋਂ ਬਾਹਰ ਕੱਢ ਕੇ ਸੁੱਟ ਦੇਣ, ਜਿੱਥੇ ਉਹ ਸਾਡੀ ਇਜਾਜ਼ਤ ਲਏ ਬਿਨਾਂ ਚੜ੍ਹ ਬੈਠੇ ਹਨ। ਉਨ੍ਹਾਂ ਨੂੰ ਸਾਡੇ ਨਾਲ, ਗ਼ਰੀਬੜਿਆਂ ਦੇ ਨਾਲ ਹਮਦਰਦੀ ਦਾ ਕੋਈ ਹੱਕ ਹਾਸਲ ਨਹੀਂ। ਯਾਦ ਰੱਖੋ ਗ਼ੁਰਬਤ ਲਾਹਨਤ ਨਹੀਂ ਹੈ ਜੋ ਉਸ ਨੂੰ ਲਾਹਨਤ ਦੱਸਦੇ ਹਨ ਉਹ ਖ਼ੁਦ ਦੋਸ਼ੀ ਹਨ। ਉਹ ਗ਼ਰੀਬ ਉਸ ਅਮੀਰ ਤੋਂ ਲੱਖ ਦਰਜੇ ਬਿਹਤਰ ਹੈ ਜੋ ਆਪਣੀ ਬੇੜੀ ਖ਼ੁਦ ਆਪਣੇ ਹੱਥਾਂ ਨਾਲ ਚਲਾਉਂਦਾ ਹੈ ਆਪਣੀ ਬੇੜੀ ਦੇ ਮਲਾਹ ਖ਼ੁਦ ਤੁਸੀਂ ਬਣੋ ਆਪਣਾ ਨ਼ਫਾ-ਨੁਕਸਾਨ ਖ਼ੁਦ ਤੁਸੀਂ ਸੋਚੋ ਅਤੇ ਫਿਰ ਇਨ੍ਹਾਂ ਲੀਡਰਾਂ, ਇਨ੍ਹਾਂ ਅਖੌਤੀ ਮਾਰਗ ਦਰਸ਼ਕਾਂ ਦਾ ਤਮਾਸ਼ਾ ਵੇਖੋ ਕਿ ਉਹ ਜ਼ਿੰਦਗੀ ਦੇ ਵਿਸ਼ਾਲ ਸਮੁੰਦਰ ਵਿਚ ਆਪਣੀ ਜ਼ਿੰਦਗੀ ਦਾ ਭਾਰੀ ਜਹਾਜ਼ ਕਿਸ ਤਰ੍ਹਾਂ ਚਲਾਉਂਦੇ ਹਨ।

ਲੇਖਕ : ਸਆਦਤ ਹਸਨ ਮੰਟੋ
ਪੰਜਾਬੀ ਰੂਪ: ਪਵਨ ਟਿੱਬਾ
ਸੰਪਰਕ: 98766-35285

# Join the 2020 Census

# Apply Online!

## Full-Time and Part-Time Positions

The 2020 Census is taking applications for positions starting soon. There are a wide variety of full-time and part-time jobs for all levels of experience. Make your next job count by applying today!

For more information about our Field or Office positions please visit us at:

**2020census.gov/jobs**

**1-855-JOB-2020**

(1-855-562-2020)

- Clerks / Supervisory Clerks
- Listers / Enumerators
- First Line Supervisors

For more information about Professional and Management positions please visit us at:

**usajobs.gov**

- Area Census Office Managers
- Lead Census Field Manager
- Admin Manager
- IT Manager
- Recruiting Manager

- Must be 18 years or older
- Must be a US Citizen
- If bilingual, must pass an oral equivalence exam in English





United States® Census Bureau

Shape your future START HERE >

United States® Census 2020

# Race & Ethnicity



**The U.S. Census Bureau considers race and ethnicity to be two separate and distinct concepts.**

## *What is race?*

The Census Bureau defines race as a person's self-identification with one or more social groups. An individual can report as White, Black or African American, Asian, American Indian and Alaska Native, Native Hawaiian and Other Pacific Islander, or some other race. Survey respondents may report multiple races.

## *What is ethnicity?*

Ethnicity determines whether a person is of Hispanic origin or not. For this reason, ethnicity is broken out in two categories, Hispanic or Latino and Not Hispanic or Latino. Hispanics may report as any race.




## *Can the information be used to enforce immigration laws on me or my family?*

No. The Census Bureau adheres to strict confidentiality laws that prohibit sharing of respondent information. We do not share respondent answers with immigration, law enforcement, tax collection agencies or any other organization.

## *What region of origin does Census consider for each race category?*

| White | Black or African American | American Indian or Alaska Native | Asian | Native Hawaiian or Other Pacific Islander |
|---|---|---|---|---|
| Europe | Africa | North America | Far East | Hawaii |
| Middle East | | South America | Southeast Asia | Guam |
| North Africa | | Central America | Indian | Samoa |
| | | | | Pacific Islands |







## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA *does not* initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII), to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# ਹਾਏ ਓਏ !!
# ਕਿੰਨਾ ਦੁੱਧ ਡੋਲ੍ਹੀ ਜਾਂਦੇ ਆ...



ਅਗਾਂਹਵਧੂ ਵਿਦਵਾਨਾਂ ਦੇ ਦਿਮਾਗ 'ਚ ਇਹ ਗੱਲ ਨਹੀਂ ਪੈ ਰਹੀ ਕਿ 'ਫਲਾਣੇ ਦੇਵਤੇ ਨੂੰ ਦੁੱਧ ਪਿਆਉਣ ਲੱਗੇ ਡੋਲ੍ਹਣ ਵਿੱਚ' ਅਤੇ ਸੰਗਮਰਮਰ ਨੂੰ ਕੱਚੀ ਲੱਸੀ ਨਾਲ ਧੋਣ (ਦੁੱਧ ਨਹੀਂ) ਯਾਨੀ ਇਕ ਕਲੀਨਰ ਵਜੋਂ ਵਰਤਣ ਵਿੱਚ ਕੀ ਫਰਕ ਹੈ ? ਕੱਚੀ ਲੱਸੀ ਕੀ ਹੁੰਦੀ ਹੈ ਇਕ ਬਾਲਟੀ ਪਾਣੀ 'ਚ ਐਵੇਂ 2 ਗਲਾਸ ਦੁੱਧ,,, ਮੇਰੀ ਮਾਂ ਮੈਨੂੰ ਦਹੀਂ ਨਾਲ ਕੇਸੀ ਇਸ਼ਨਾਨ ਕਰਵਾਉਂਦੀ ਰਹੀ ਹੈ ਸ਼ੈਂਪੂ ਤਾਂ ਬਹੁਤ ਮਗਰੋਂ ਆਏ ਹਨ ਬਜ਼ਾਰ 'ਚ,,, ਜੇ ਕੋਈ ਬਜ਼ਾਰੂ ਕਲੀਨਰ ਵਰਤਣਗੇ ਫੇਰ ਕੀ ਹੋਵੇਗਾ ? ਬੇਸ਼ੱਕ ਦਰਬਾਰ ਸਾਹਿਬ ਤੋਂ ਡਰੇਨ ਸਿਸਟਮ ਵੱਖਰਾ ਹੈ ਪਰ ਫਿਰ ਵੀ ਕੁਝ ਨਾ ਕੁਝ ਹਿੱਸਾ ਸਰੋਵਰ 'ਚ ਚਲਿਆ ਜਾਣਾ ਲਾਜ਼ਮੀ ਹੈ,,, ਛਿੱਟੇ ਪੈਂਦੇ ਹਨ ਸਰੋਵਰ 'ਚ,,, ਸੰਗਤ ਚੂਲਾ ਛਕਦੀ ਹੈ ਹਰਿ ਕੀ ਪਉੜੀ ਤੋਂ,,, ਸਰੋਵਰ 'ਚ ਬੱਚੇ ਬੁੱਢੇ ਜਵਾਨ ਇਸ਼ਨਾਨ ਕਰਦੇ,,, ਕੀ ਇਹ ਸਹੀ ਹੋਵੇਗਾ ਕਿ 'ਟੁੱਚਲ ਵਿਦਵਾਨਾਂ' ਮਗਰ ਲੱਗ ਕੇ ਕੋਈ ਬਜ਼ਾਰੂ ਮਾਰਬਲ ਕਲੀਨਰ ਵਰਤਿਆ ਜਾਵੇ ਜੇ ਸਰੋਵਰ ਦੇ ਜਲ 'ਚ ਮਿਲਕੇ ਨੁਕਸਾਨ ਵੀ ਕਰੇ ? ਜਿੱਥੇ ਲੋਕ ਸੰਗਤ ਦੀ ਧੂੜ ਨੂੰ ਚੁੰਮਦੇ ਹਨ ਕੀ ਉਥੇ ਫਰਨੈਲ ਦਾ ਪੋਚਾ ਲਾਇਆ ਜਾਵੇ ? ਜਦੋਂ ਦੁਨੀਆਂ ਦੇ ਲੋਕ 'ਆਰਗੈਨਿਕਵਾਦ' ਵੱਲ ਮੁੜ ਰਹੇ ਹਨ ਤਾਂ ਅਸੀਂ ਪੁੱਠੇ ਤੁਰ ਪਈਏ ? ਲੋਕ ਦਵਾਈਆਂ ਛੱਡ ਕਿ ਮਲੱਠੀ ਹਲਦੀ ਤੇ ਮੁੜ ਆਏ ਹਨ ਤੇ ਅਸੀਂ 'ਕੁਦਰਤੀ ਕਲੀਨਰ' ਛੱਡ ਕੇ 'ਲਾਈਸਲ' ਦਾ ਪੋਚਾ ਲਾਈਏ ਦਰਬਾਰ ਸਾਹਿਬ ? ਹਲਦੀ ਜ਼ਖ਼ਮ ਤੇ ਵੀ ਲੱਗ ਜਾਂਦੀ ਹੈ ਤੇ ਖਾਧੀ ਵੀ ਜਾਂਦੀ ਹੈ ? ਜੇ ਕਿਸੇ ਲੱਤ ਬਾਂਹ ਤੇ ਵੱਡੀ ਫਿੰਸੀ ਹੋ ਜਾਣੀ ਫਿੱਸਣੀ ਨਾ, ਮਾਤਾਵਾਂ ਨੇ 'ਮੱਕੀ ਦੀ ਰੋਟੀ ਬਣਾ ਕੇ ਲੀਰ ਨਾਲ ਬੰਨ੍ਹ ਦੇਣੀ ਲੱਤ ਬਾਂਹ ਤੇ,,, ਓਹਦੀ ਹੀਟ ਨਾਲ ਜਖਮ ਕਮਜੋਰ ਹੋਕੇ ਫਿੱਸ ਜਾਣਾ ਤੇ ਫਿਰ ਹਲਦੀ ਲਾਈ ਜਾਣੀ ਤੇ ਠੀਕ ਹੋ ਜਾਣਾ,,, ਕੀ ਓਦੋਂ ਦੇ ਵਿਦਵਾਨ ਇਹ ਕਹਿੰਦੇ ਸੀ 'ਹਾਏ ਓਏ ਆਹ ਰੋਟੀ' ਕੋਈ ਗਰੀਬ ਖਾ ਲੈਂਦਾ ? ਤੁਹਾਡੀ ਵਿਦਵਾਨੀ ਅਨੁਸਾਰ ਦੁੱਧ ਸਿਰਫ 'ਢਿੱਡ' 'ਚ ਸਿੱਟਣ ਦੇ ਕੰਮ ਈ ਆਉਂਦਾ ਬੱਸ,,,ਨਿਆਸਰਿਆਂ ਦਾ ਆਸਰਾ ਵੀ ਏਹੀ ਦਰ ਹੈ ਮੂਰਖੋ ਜਿਹੜਾ ਆਨੇ-ਬਹਾਨੇ ਤੁਹਾਡੇ ਨਿਸ਼ਾਨੇ ਤੇ ਰਹਿੰਦਾ,,, ਕਿਸੇ 'ਟੁੱਚਲ ਵਿਦਵਾਨ' ਨੂੰ ਇਹ ਕਹਿਕੇ ਵਾਪਸ ਮੋੜਿਆ ਗਿਆ ਹੈ ਲੰਗਰ 'ਚੋਂ ਕਿ ਅੱਜ ਨਹੀਂ ਖੀਰ ਮਿਲਦੀ ਤੈਨੂੰ ਕਿਉਂਕਿ ਦੁੱਧ ਤਾਂ ਰਾਤ ਨੂੰ ਡੋਲਣ ਜੋਗਾ ਹੀ ਬਚਿਆ ਹੈ ? ਖ਼ੈਰ ਆਜੋ ਪ੍ਰੋਫ਼ੈਸਰੋ ਇਕ ਰਿਸਰਚ ਸਕਾਲਰ ਦੀ ਗੱਲ ਸੁਣੀਏਂ ਅਗਲਾ ਲੇਖ ਪੜ੍ਹੋ,,,

(ਸੁਖਦੀਪ ਸਿੰਘ ਬਰਨਾਲਾ)

ਆਓ ਜਾਣੀਏ ਧਾਰਮਿਕ ਅਸਥਾਨਾ ਤੇ ਧੁਆਈ ਲਈ ਕਿਉਂ ਵਰਤਿਆ ਜਾਂਦਾ ਹੈ ਦੁਧ :-

ਇਹ ਲੇਖ ਇੱਕ ਪੰਜਾਬੀ ਪੱਤਰਕਾਰ ਬਲਤੇਜ ਪੰਨੂ ਵੱਲੋ ਕੁਝ ਮਹੀਨੇ ਪਹਿਲਾ ਪਟਿਆਲਾ ਦੇ ਗੁਰੂਦਵਾਰਾ ਸਾਹਿਬ ਵਿਚ ਧੁਆਈ ਲਈ ਵਰਤੇ ਜਾਂਦੇ ਦੁਧ ਪ੍ਰਤੀ ਖੜੇ ਕੀਤੇ ਮੁਦੇ ਦੇ ਸੰਬਧ ਵਿਚ ਲਿਖਿਆ ਗਿਆ ਹੈ , ਕਿਉਂਕਿ ਕਾਫੀ ਲੋਕਾਂ ਦੇ ਮਨ ਵਿਚ ਸ਼ੰਕਾ ਬਣ ਜਾਂਦੀ ਹੈ ਤੇ ਓਹ ਲੋਕ ਇਸ ਦੁਧ ਦੀ ਧੁਆਈ ਲਈ ਵਰਤੋਂ ਨੂੰ ਮਹਿਜ ਪਾਖੰਡ ਸਮਝ ਲੈਂਦੇ ਹਨ , ਅਸਲ ਵਿਚ ਕਸੂਰ ਓਹਨਾ ਦਾ ਵੀ ਨਹੀ, ਕਸੂਰ ਸਿਰਫ ਪੁਰਾਣੀ ਪੀੜੀ ਵੱਲੋ ਆਪਣੇ ਕੰਮ ਤਾਂ ਅਗਲੀ ਪੀੜੀ ਨੂੰ ਸੋਂਪ ਦਿੱਤੇ ਜਾਂਦੇ ਨੇ ਪਰ ਓਹਨਾ ਕੰਮਾ ਦੇ ਪਿਛੇ ਦਾ ਤਰਕ ਕਈ ਵਾਰ ਨਵੀਂ ਪੀੜੀ ਨਾਲ ਵਿਚਾਰਨੋ ਰਹਿ ਜਾਂਦਾ , ਜਿਸ ਕਰਕੇ ਸਮਾ ਪਾ ਕੇ ਓਹ ਕੰਮ ਪਾਖੰਡ ਜਾਪਣ ਲੱਗ ਜਾਂਦੇ ਹਨ ਜਦੋ ਓਹਨਾ ਕੰਮ ਦੇ ਪਿਛੇ ਦਾ ਤਰਕ ਨਵੀਂ ਪੀੜੀ ਨੂੰ ਨਹੀ ਪਤਾ ਲਗਦਾ। ਇਸ ਦੁਧ ਨਾਲ ਧੁਆਈ ਲਈ ਵਾਲੇ ਮੁੱਦੇ ਵਿਚ ਵੀ ਮੈਨੂੰ ਲਗਦਾ ਵੀ ਸ਼ਾਇਦ ਇੱਦਾਂ ਹੀ ਹੋਇਆ। ਕਿਉਂਕਿ ਜਦੋ ਸਾਨੂੰ ਇਸ ਦੇ ਧੁਆਈ ਲਈ ਵਰਤਣ ਦਾ ਅਸਲੀ ਕਾਰਨ ਨਹੀ ਪਤਾ ਹੋਵੇਗਾ ਤਾਂ ਇਹ ਬਹੁਤ ਲੋਕਾਂ ਨੂੰ ਇੱਕ ਖਾਦ-ਪਦਾਰਥ ਦੀ ਬਰਬਾਦੀ ਹੁੰਦੀ ਜਾਪੇਗੀ। ਜਿਵੇ ਕਿ ਪੱਤਰਕਾਰ ਬਲਤੇਜ ਪੰਨੂ ਵੱਲੋ ਵੀ ਕਿਹਾ ਗਿਆ ਸੀ ਕਿ ਇਸ ਤਰਾਂ 300 ਲੀਟਰ ਦੁਧ ਦੀ ਬਰਬਾਦੀ ਕਰਨ ਦੀ ਬਜਾਏ ਲੋੜਵੰਦਾ ਨੂੰ ਵੰਡ ਦੇਣਾ ਚਾਹਿਦਾ। ਹੁਣ ਲੋੜਵੰਦਾ ਲਈ ਗੁਰੂ ਸਾਹਿਬਾਨ ਵੱਲੋ ਚਲਾਈ ਲੰਗਰ ਦੀ ਰੀਤ ਦੀ ਮੈਂ ਇਥੇ ਗੱਲ ਕਰਨੀ ਜਰੂਰੀ ਨੀ ਸਮਝਦਾ ਕਿਉਂਕਿ ਇਸ ਬਾਰੇ ਤਾ ਬੀ ਬੀ ਸੀ , ਸੀ ਐਨ ਐਨ ਤੇ ਹੋਰ ਵਿਸ਼ਵ ਦੇ ਮੀਡੀਏ ਨੇ ਜਦੋ ਗੱਲ ਕੀਤੀ ਹੋਵੇ ਤੇ ਨਿਊਯਾਰਕ ਤੇ ਯੂਰਪ ਦੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵੱਲੋ ਵੀ ਇਸ ਰੀਤ ਤੋ ਪ੍ਰਭਾਵਿਤ ਹੋ ਕੇ ਕੁਝ ਦਿਨ ਲੰਗਰ ਦਾ ਆਯੋਜਨ ਕਰਨਾ ਇਸ ਗੱਲ ਦਾ ਸਬੂਤ ਹੈ ਵੀ ਪੂਰੀ ਦੁਨਿਆ ਨੇ ਜਾਣ ਲਿਆ ਹੈ ਵੀ ਕੋਣ ਲੋੜਵੰਦਾ ਦੀਆਂ ਲੋੜਾ ਨੂੰ ਕਿੰਨੀ ਚੰਗੀ ਤਰਾਂ ਸਮਝ ਕੇ ਪੂਰੀਆਂ ਕਰ ਰਿਹਾ ਹੈ।

ਜਿਥੋਂ ਤਕ ਦੁਧ ਦੀ ਧੁਆਈ ਲਈ ਵਰਤੋਂ ਕਰ ਕੇ ਬਰਬਾਦੀ ਕਰਨ ਦਾ ਸਵਾਲ ਹੈ ਤਾਂ ਇਹ ਸਵਾਲ ਸਿਰਫ ਓਹਨਾ ਦਾ ਹੈ ਜੋ ਦੁਧ ਨੂੰ ਇੱਕ ਖਾਦ-ਪਦਾਰਥ ਤੋਂ ਵਧ ਕੁਝ ਨਹੀ ਜਾਣਦੇ ਅਤੇ ਅਸਲ ਵਿਚ ਦੁਧ ਦੇ ਉਪਯੋਗਾਂ ਬਾਰੇ ਅਨਜਾਣ ਹਨ। ਜਿਥੋਂ ਤਕ ਬਲਤੇਜ ਪੰਨੂੰ ਵੱਲੋ ਵਰਤੀ ਗਈ ਮਾਪ ਦੀ ਸੀਮਾ 300 ਲੀਟਰ ਦੀ ਗੱਲ ਹੈ ਤਾਂ ਇਹ ਗਲਤ ਹੈ। ਅਸਲ ਵਿਚ ਓਹ 300 ਲੀਟਰ ਸੰਤੁਲਿਤ ਦੁਧ ਨਹੀ ਹੁੰਦਾ , ਓਹ ਦੁਧ ਦੇ ਵਿਚ ਓਸ ਤੋਂ ਕਈ ਗੁਣਾ ਜਿਆਦਾ ਪਾਣੀ ਪਾ ਕੇ ਕੁਝ ਸਮਾ ਘੋਲ ਕੇ ਇਕ ਮਿਸ਼ਰਣ ਤਿਆਰ ਕੀਤਾ ਜਾਂਦਾ ਹੈ ਜਿਸ ਨਾਲ ਧੁਆਈ ਕੀਤੀ ਜਾਂਦੀ ਹੈ। ਇਹ ਮਿਸ਼ਰਣ ਤਿਆਰ ਕਰਨ ਦੀ ਪ੍ਰਕਿਰਿਆ ਤਕਰੀਬਨ ਓਹ ਇਤਹਾਸਿਕ ਗੁਰਦਵਾਰੇ ਜਿਥੇ ਰੋਜਾਨਾ ਸੈਂਕੜੇ ਸਰਧਾਲੂ ਨਤਮਸਤਕ ਹੁੰਦੇ ਨੇ ਓਥੇ ਹੁੰਦੀ ਹੈ। ਮੈ ਇਹ ਸ਼੍ਰੀ ਫਤਿਹਗੜ ਸਾਹਿਬ ਹੁੰਦੀ ਦੇਖੀ ਹੈ , ਜਿਥੇ ਮੈ ਆਪਣੀ ਪੜਾਈ ਦੇ ਸਬੰਧ ਵਿਚ 2 ਸਾਲ ਗੁਜਾਰੇ ਹਨ। ਅਸਲ ਵਿਚ ਜਿਥੇ ਰੋਜਾਨਾ ਸੈਂਕੜੇ ਲੋਕ ਆਉਂਦੇ ਜਾਂਦੇ ਰਹਿੰਦੇ ਹਨ ਓਥੇ ਸਾਫ਼ ਸਫਾਈ ਦੀ ਰੋਜਾਨਾ ਜਰੂਰਤ ਪੈਂਦੀ ਹੈ। ਇਸ ਕਰਕੇ ਅਜਿਹੇ ਗੁਰੂ ਘਰਾਂ ਵਿਚ ਰੋਜਾਨਾ ਸਵੇਰੇ ਸਫਾਈ ਕੀਤੀ ਜਾਂਦੀ ਹੈ। ਜਦੋਂ ਅਸੀਂ ਆਪਣੇ ਘਰਾਂ ਵਿਚ ਜਿਥੇ ਕੋਈ ਜਿਆਦਾ ਲੋਕਾਂ ਦਾ ਨਹੀ ਆਉਣਾ ਜਾਣਾ ਹੁੰਦਾ ਸਿਰਫ ਘਰ ਦੇ ਮੈਂਬਰ ਹੀ ਰਹਿੰਦੇ ਹਨ ਓਥੇ ਵੀ ਘਟੋ ਘਟ ਹਫਤੇ ਚ 3-4 ਦਿਨ ਸਫਾਈ ਲਈ ਪਾਣੀ ਨਾਲ ਫਨਾਈਲ ਜਾ ਰਸਾਇਣਿਕ ਕਲੀਨਰ ਵਰਤਦੇ ਹਾਂ ਫਿਰ ਜਿਥੇ ਰੋਜਾਨਾ ਸੈਂਕੜੇ ਲੋਕਾਂ ਦਾ ਆਉਣ ਜਾਣ ਹੋਵੇ ਓਥੇ ਸਾਫ਼ ਸਫਾਈ ਲਈ ਕਲੀਨਰ ਵਰਤਣ ਦੀ ਜਰੂਰਤ ਕਿਉਂ ਨਾ ਹੋਵੇ ?

ਇਸੇ ਕਰਕੇ ਗੁਰੂ ਘਰਾਂ ਵਿਚ ਦੁਧ ਦੀ ਵਰਤੋਂ ਧੁਆਈ ਲਈ ਘੋਲ ਤਿਆਰ ਕਰਨ ਲਈ ਕੀਤੀ ਜਾਂਦੀ ਹੈ ਕਿਉਂਕਿ ਦੁਧ ਸਿਰਫ ਇੱਕ ਖਾਦ ਪਦਾਰਥ ਹੀ ਨਹੀ ਹੋਰ ਵੀ ਬਹੁਤ ਸਾਰੇ ਕੰਮਾ ਵਾਸਤੇ ਉਪਯੋਗੀ ਹੈ। ਦੁਧ ਦੀ ਬਣਤਰ ਕੁਝ ਇਸ ਪ੍ਰਕਾਰ ਹੈ 80% ਪਾਣੀ, 4% ਫੈਟ, 5% ਪ੍ਰੋਟੀਨ, 5% ਖੰਡ , ਕੈਲਸ਼ੀਅਮ , ਫਾਸਫੋਰਸ, ਸਲੇਨੀਅਮ ਨੂੰ ਮਿਲਾ ਕੇ ਕੁੱਲ 21 ਪ੍ਰਕਾਰ ਦੀਆਂ ਧਾਤਾਂ (ਮਿਨਰਲ) ਤੇ ਬਹੁਤ ਥੋੜੀ ਮਾਤਰਾ ਵਿਚ ਚਰਬੀ ਵਿਚ ਘੁਲਣਸ਼ੀਲ ਵਿਟਾਮਿਨ। ਸੋ ਇਸ ਤਰਾਂ ਦੀ ਬਣਤਰ ਦੁਧ ਨੂੰ ਸਿਰਫ ਇੱਕ ਸੰਤੁਲਿਤ ਖਾਦ ਪਦਾਰਥ ਹੀ ਨਹੀ ਬਲਕਿ ਇਸ ਨੂੰ ਕੁਝ ਹੋਰ ਪਦਾਰਥਾਂ ਨਾਲ ਮਿਲਾ ਕੇ ਜੈਵਿਕ ਗ੍ਰੋਥ ਪ੍ਰੋਮੋਟਰ , ਉੱਲੀ ਨਾਸ਼ਕ, ਕੀਟਨਾਸ਼ਕ ਆਦਿ ਅਨੇਕਾਂ ਕੰਮਾਂ ਦੇ ਤੋਰ ਤੇ ਉਪਯੋਗ ਕੀਤਾ ਜਾ ਸਕਦਾ ਹੈ। ਜਿਵੇ ਕਿ ਦੁਧ ਵਿਚ 8 ਗੁਣਾ ਪਾਣੀ ਮਿਲਾ ਕੇ ਇਸ ਨੂੰ ਕੁਝ ਸਮਾ ਘੋਲਨ ਤੋਂ ਬਾਅਦ ਇਕ ਵਧੀਆ ਜੈਵਿਕ ਮਾਰਬਲ ਕਲੀਨਰ ਬਣ ਜਾਂਦਾ ਹੈ ਕਿਉਂਕਿ ਦੁਧ ਵਿਚ ਮਜੂਦ ਫੈਟ ਅਤੇ ਧਾਤਾਂ ਮਾਰਬਲ ਨੂੰ ਚਮਕ ਦਿੰਦੀਆ ਹਨ ਓਥੇ ਈ ਸਮਾ ਪੈਣ ਤੇ ਇਸ ਵਿਚ ਪੈਦਾ ਹੋਏ ਸੀਮੈਟਿਕ ਸੈੱਲ ਇਸ ਵਿਚਲੀ ਖੰਡ ਨੂੰ ਖਾਣ ਤੋਂ ਬਾਅਦ ਇਸ ਨੂੰ ਜੈਵਿਕ ਉੱਲੀ ਨਾਸ਼ਕ ਵਿਚ ਬਦਲ ਦਿੰਦੇ ਹਨ। ਇਸ ਕਰਕੇ ਦੁਧ ਦੀ ਵਰਤੋਂ ਪਿਛਲੇ ਸਮਿਆਂ ਤੋ ਬਹੁਤ ਅਸਥਾਨਾ ਤੇ ਇੱਕ ਜੈਵਿਕ ਕਲੀਨਰ ਵਜੋਂ ਹੁੰਦੀ ਆ ਰਹੀ ਹੈ।

ਪਰ ਅਜੇ ਵੀ ਕੁਝ ਲੋਕਾਂ ਨੂੰ ਇਹ ਤਰਕ ਗੱਪ ਲਗਦੀ ਹੋਵੇ ਤਾਂ ਮੈ ਇਸ ਦੇ ਸਬੰਧ ਵਿਚ ਕੁਜ ਤਰਕ ਦੇਵਾਗਾ ਜਿੰਨਾ ਵਿਚ ਕੁਝ ਤਾਂ ਸਾਡੇ ਬਜੁਰਗਾਂ ਤੋਂ ਪੁਛੇ ਗਏ ਨੇ ਜੋ ਪੁਰਾਣੇ ਸਮਿਆਂ ਵਿਚ ਓਹ ਆਮ ਵਰਤਦੇ ਰਹੇ ਨੇ ਅਤੇ ਬਾਕੀ ਦੇ ਮੇਰੇ ਆਪਣੇ ਪਿਛਲੇ ਸਾਲ ਦੇ ਤਜਰਬੇ ਨੇ ਅਤੇ ਦਰਜਨਾ ਹੋਰ ਲੋਕਾਂ ਦੇ ਤਜਰਬੇ ਨੇ , ਜੋ ਦੁਧ ਨੂੰ ਖਾਦ-ਪਦਾਰਥ ਤੋਂ ਇਲਾਵਾ ਜੈਵਿਕ ਗ੍ਰੋਥ ਪ੍ਰੋਮੋਟਰ, ਉੱਲੀ ਨਾਸ਼ਕ , ਕੀਟਨਾਸ਼, ਆਦਿ ਸਿਧ ਕਰਦੇ ਹਨ।

1. ਪੁਰਾਣੇ ਸਮਿਆਂ ਵਿਚ ਲੋਕ ਦੁਧ ਨੂੰ ਰਿੜਕ ਕੇ ਓਸ ਵਿਚੋ ਮਖਣ ਕੱਦ ਲੇਂਦੇ ਸਨ ਅਤੇ ਬਚੀ ਹੋਏ ਮਿਸ਼ਰਣ ਜੋ ਜਿਸ ਨੂੰ ਖੱਟੀ ਲੱਸੀ ਵੀ ਕਿਹਾ ਜਾਂਦਾ ਸੀ ਨੂੰ ਪੀਣ ਤੋ ਇਲਾਵਾ ਕੇਸ ਧੋਣ ਲਈ ਵਰਤਦੇ ਸਨ। ਇਸ ਲੱਸੀ ਨੂੰ ਖੱਟੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸਦਾ ਸਵਾਦ ਆਮ ਦੁਧ ਨੂੰ ਘੋਲ ਕੇ ਬਣਾਈ ਲੱਸੀ ਨਾਲੋ ਥੋੜਾ ਖਟਾਸ ਵਿਚ ਹੁੰਦਾ,ਜਿਆਦਾ ਨਹੀ। ਕਿਉਂਕਿ ਇਸ ਨੂੰ ਬਣਾਉਣ ਲਈ ਕੋਈ ਖੱਟਾ ਪਦਾਰਥ ਜਿਵੇ ਲੱਸੀ , ਮਖਣ ਜਾਂ ਮਲਾਈ ਬਹੁਤ ਥੋੜੀ ਮਾਤਰਾ ਵਿਚ ਇੱਕ ਆਮ ਜਿਹੇ ਤਾਪਮਾਨ (23-27 ਡਿਗਰੀ ) ਤੇ ਦੁਧ ਵਿਚ ਪਾ ਦਿੱਤਾ ਜਾਂਦਾ ਹੈ , ਕਿਉਂਕਿ ਆਮ ਤਾਪਮਾਨ ਤੇ ਸੀਮੈਟਿਕ ਸੈੱਲ ਬਹੁਤ ਤੇਜੀ ਨਾਲ ਵਧ ਦੇ ਹਨ ਅਤੇ ਇਸ ਵਿਚਲੀ ਮਜੂਦ ਖੰਡ ਨੂੰ ਖਾਂਦੇ ਹਨ ਜਿਸ ਨਾਲ ਦੁਧ ਦਾ ਸਵਾਦ ਮਿਠੇ ਤੋਂ ਥੋੜਾ ਬਦਲ ਕੇ ਥੋੜੀ ਜਿਹੀ ਖੱਟਾਸ ਵਿਚ ਆ ਜਾਂਦਾ ਹੈ। ਦੁਧ ਨੂੰ ਰਿੜਕਣ ਤੋ ਬਾਅਦ ਮਲਾਈ ਇਸ ਵਿਚੋਂ ਕੱਡ ਲਈ ਜਾਂਦੀ ਹੈ ਜਿਸ ਨਾਲ ਕਾਫੀ ਮਾਤਰਾ ਚ ਚਿਕਨਾਈ ਇਸ ਵਿਚੋ ਬਾਹਰ ਨਿਕਲਣ ਅਤੇ ਖੰਡ ਦੇ ਖਤਮ ਹੋਣ ਨਾਲ ਬਾਕੀ ਬਚੇ ਮਿਸ਼ਰਣ ਵਿਚ ਸੀਮੈਟਿਕ ਸੈੱਲ ਬਹੁਤ ਕਿਰਿਆਸ਼ੀਲ ਹੋ ਜਾਂਦੇ ਹਨ , ਜੋ ਸਮਾ ਪੈਣ ਤੇ ਇੱਕ ਵਧੀਆ ਸ਼ੈਂਪੂ ਦੀ ਤਰਾਂ ਕੰਮ ਕਰਦਾ ਹੈ ਇਸੇ ਕਰਕੇ ਪੁਰਾਣੇ ਸਮੇ ਵਿਚ ਲੋਕ ਇਸਨੂੰ ਸ਼ੈਂਪੂ ਵਜੋਂ ਵਰਤਦੇ ਸਨ।

ਹੁਣ ਮੇਰੇ ਆਪਣੇ ਕੁਝ ਤਜਰਬੇ

ਦੁਧ ਦੇ ਕੀਟਨਾਸ਼ਕ ਅਤੇ ਉੱਲੀ ਨਾਸ਼ਕ ਗੁਣਾ ਬਾਰੇ ਕਿਤਾਬਾਂ ਚ ਪੜਿਆ ਸੀ ਪਰ ਇਸਨੂੰ ਆਪਣੇ ਅਖੀਂ ਪਿਛਲੇ ਸਾਲ ਦੇਖਿਆ , ਮੇਰਾ ਇੱਕ ਦੋਸਤ ਸਬਜੀਆਂ ਦੀ ਕਾਸ਼ਤ ਕਰਦਾ ਹੈ, ਪਿਛਲੇ ਸਾਲ ਓਸ ਨੇ ਮਿਰਚਾਂ ਦੀ ਬਿਜਾਈ ਕੀਤੀ ਹੋਈ ਸੀ। ਮਿਰਚਾਂ ਦੇ ਪੱਤਿਆਂ ਦਾ ਮੁੜਨਾ ਇੱਕ ਆਮ ਬਿਮਾਰੀ ਹੈ , ਕਿਸਾਨ ਇਸ ਨੂੰ ਠੂਠੀ ਵੀ ਆਖਦੇ ਹਨ , ਕਾਫੀ ਰਸਾਇਣਿਕ ਸਪ੍ਰੇਹਾਂ ਜਿਵੇ ਬੀ ਐਸ ਈ, ਨੁਵਾਨ ਕਰਨ ਤੋਂ ਬਾਅਦ ਵੀ ਓਸਨੇ ਮੈਨੂੰ ਦੱਸਿਆ ਕੀ ਬਿਮਾਰੀ ਹਟਣ ਵਿਚ ਨਹੀ ਆ ਰਹੀ , ਵੈਸੇ ਤਾ ਹੋਰ ਬਹੁਤ ਤੇਜ ਰਸਾਇਣਿਕ ਸਪ੍ਰੇਹਾਂ ਬਾਜਾਰ ਵਿਚ ਉਪਲਬਧ ਹਨ ਪਰ ਸਬਜੀਆਂ ਉੱਪਰ ਇਹ ਹਲਕੀਆਂ ਰਸਾਇਣਿਕ ਸਪ੍ਰੇਹਾਂ ਹੀ ਕੀਤੀਆਂ ਜਾਂਦੀਆ ਨੇ ਕਿਉਂਕਿ ਸਬਜੀ ਦੀ ਤੋੜਾਈ 3-4 ਦਿਨਾ ਬਾਅਦ ਤਾਂ ਕਰਨੀ ਹੀ ਪੈਂਦੀ ਹੈ ਤੇ ਇਹਨਾ ਦਾ ਅਸਰ 4 ਦਿਨ ਤੋਂ ਵਧ ਨੀ ਹੁੰਦਾ। ਇਸ ਕਰਕੇ ਤੇਜ ਰਸਾਇਣਿਕ ਸਪ੍ਰੇਹਾਂ ਸਬਜੀਆਂ ਉੱਪਰ ਕਰਨ ਤੋ ਮਨਾ ਕੀਤਾ ਜਾਂਦਾ ਹੈ। ਤਾਂ ਇਸ ਸਮੱਸਿਆ ਦੇ ਹੱਲ ਲੈ ਅਸੀਂ 12 ਲੀਟਰ ਦੁਧ ਨੂੰ 80 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਲਗਾਤਾਰ 4 ਦਿਨ ਛਿੜਕਾ ਕੀਤਾ ਤੇ ਹਫਤੇ ਹਫਤੇ ਤੇ ਫਰਕ ਤੇ 2-2 ਦਿਨ ਫੇਰ ਕੀਤਾ , ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋ ਅਸੀਂ ਦੇਖਿਆ ਕੀ ਇਸ ਕਚੀ ਲੱਸੀ ਦੀ ਸਝਪ੍ਰੇਹ ਦੇ ਨਤੀਜੇ ਰਸਾਇਣਿਕ ਸਪ੍ਰੇਹਾਂ ਤੋਂ ਕੀਤੇ ਜਿਆਦਾ ਵਧੀਆ ਸਨ। ਇਸ ਬਾਰੇ ਕੁਦਰਤੀ ਖੇਤੀ ਨੂੰ ਉਤਸਾਹਿਤ ਕਰਨ ਵਾਲੀਆ ਸੰਸਥਾਵਾਂ ਕੋਲੋ ਸੁਣਿਆ ਜਰੂਰ ਪਰ ਆਪਣੇ ਅਖੀਂ ਪਿਛਲੇ ਸਾਲ ਵੇਖਿਆ। ਇਸ ਸਫਲ ਤਜਰਬੇ ਨੇ ਸਾਨੂੰ ਦੁਧ ਨਾਲ ਹੋਰ ਤਜਰਬੇ ਕਰਨ ਲਈ ਉਤਸਾਹਿਤ ਕੀਤਾ। ਫਿਰ ਸਦਾ ਅਗਲਾ ਤਜਰਬਾ ਸੀ ਦੁਧ ਤੋਂ ਬਣੀ ਖੱਟੀ ਲੱਸੀ ਨੂੰ ਉੱਲੀ ਨਾਸ਼ਕ ਵਜੋਂ ਵਰਤਣਾ। ਪਿਛਲੇ ਸਾਲ ਜਿਵੇ ਅਸੀਂ ਅਖਬਾਰਾ ਵਿਚ ਆਮ ਪੜਿਆ ਕੇ ਕਾਫੀ ਕਿਸਾਨਾ ਨੇ ਬਾਸਮਤੀ 1509 ਦੀ ਫਸਲ ਉੱਲੀ ਰੋਗ ਕਰਕੇ ਵਾਹੀ। ਬਾਸਮਤੀ 1509 ਤੇ ਬਾਕੀ ਹੋਰ ਕਿਸਮਾ ਨਾਲੋ ਉੱਲੀ ਰੋਗ ਦਾ ਹਮਲਾ ਜਿਆਦਾ ਹੁੰਦਾ ਹੈ ਤੇ ਜਦੋ ਇੱਕ ਵਾਰ ਇਹ ਰੋਗ ਲੱਗ ਜਾਵੇ ਤਾ ਫਸਲ ਨੂੰ ਵਾਹੁਣ ਤੋਂ ਬਿਨਾ ਹੋਰ ਕੋਈ ਚਾਰਾ ਨਹੀ , ਇਸੇ ਕਰਕੇ ਯੂਨੀਵਰਸਿਟੀ ਕਿਸਾਨਾ ਨੂੰ ਇਸ ਫ਼ਸਲ ਦੇ ਬੀਜ ਨੂੰ ਬਿਜਾਈ ਤੋ ਪਹਲਾ ਉੱਲੀ ਨਾਸ਼ਕ ਨਾਲ ਬੀਜ ਨੂੰ ਸੋਧਣ, ਪਨੀਰੀ ਲਗਾਉਣ ਤੋ ਪਹਿਲਾ ਖੇਤ ਵਿਚ ਉੱਲੀ ਨਾਸ਼ਕ ਨੂੰ ਰਲਾਉਣ ਅਤੇ ਝੋਨੇ ਦੀ ਲਵਾਈ ਤੇ 24 ਘੰਟੇ ਦੇ ਵਿਚ ਵਿਚ ਉੱਲੀ ਨਾਸ ਦਾ ਫਿਰ ਤੋ ਪ੍ਰਯੋਗ ਕਰਨ ਨਾਲ ਮਤਲਬ 3 ਵਾਰ ਫਸਲ ਵਿਚ ਉੱਲੀ ਨਾਸ਼ਕ ਦਾ ਪ੍ਰਯੋਗ ਕਰਨ ਨਾਲ ਹੀ ਇਸ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ। ਤਾਂ ਅਸੀਂ ਇੱਕ 2 ਵਿਘੇ ਦੇ ਖੇਤ ਵਿਚ ਦੁਧ ਤੋ ਬਣੀ ਖੱਟੀ ਲੱਸੀ ਨੂੰ ਜੈਵਿਕ ਉੱਲੀ ਨਾਸ਼ਕ ਵਜੋਂ ਵਰਤ ਕੇ ਤਜੁਰਬਾ ਕੀਤਾ , ਤਕਰੀਬਨ 4 ਮਹੀਨੇ ਪੁਰਾਣੀ ਲੱਸੀ ਦਾ ਪ੍ਰਯੋਗ ਕੀਤਾ ਗਿਆ , ਜਿਸ ਵੀ ਨਤੀਜੇ ਸ਼ਾਨਦਾਰ ਰਹੇ , ਓਸ ਖੇਤ ਦੀ ਫਸਲ ਕਿਸੇ ਵੀ ਪਖੋਂ ਬਾਕੀ ਦੀ ਰਸਾਇਣਿਕ ਉੱਲੀ ਨਾਸ਼ਝਕਾ ਦੀ ਵਰਤੋ ਕਰਕੇ ਪੈਦਾ ਕੀਤੀ 1509 ਦੀ ਫਸਲ ਨਾਲੋ ਘਟ ਨਹੀ ਸੀ ਸਗੋਂ ਰਸਾਇਣਿਕ ਉੱਲੀ ਨਾਸ਼ਝਕਾ ਦੇ ਮਾੜੇ ਪ੍ਰਭਾਵਾਂ ਤੋ ਬਚੀ ਹੋਣ ਕਰਕੇ ਜਿਆਦਾ ਚਮਕਦਾਰ ਦਾਣੇ ਸਨ। ਇਹ ਆਪਣਾ ਤਜਰਬਾ ਸੀ ਪਰ ਖੇਤੀ ਵਿਰਾਸਤ ਮਿਸਨ ਜੈਤੋਂ ਜੋ ਕਿਸਾਨਾ ਨੂੰ ਕੁਦਰਤੀ ਖੇਤੀ ਦੀਆਂ ਤਕਨੀਕਾ ਦੱਸਦਾ ਹੈ ਓਸ ਨਾਲ ਜੁੜੇ ਦਰਜਣ ਕਿਸਾਨ ਅਜਿਹੇ ਹਨ ਜਿੰਨਾ ਨੇ ਪਿਛਲੇ ਸਾਲ ਉੱਲੀ ਰੋਗ ਦੀ ਲਪੇਟ ਵਿਚ ਆਈ ਬਾਸਮਤੀ 1509 ਦੀ ਫਸਲ ਨੂ ਦੁਧ ਤੋ ਬਣੀ ਖੱਟੀ ਲੱਸੀ ਦੀ ਵਰਤੋ ਨਾਲ ਬਚਾ ਲਿਆ ਜਿਥੇ ਹੋਰ ਸਾਰੀਆਂ ਰਸਾਇਣਿਕ ਉੱਲੀ ਨਾਸ਼ਝਕਾ ਬੇਅਸਰ ਸਨ।

**ਲੇਖਕ : ਗੁਰਬੀਰ ਸਿੰਘ**

# ਬਹੁਤ ਹੋ ਚੁੱਕੇ ਦਿਖਾਵੇ ! ਹੁਣ ਯੋਜਨਾ ਦੀ ਲੋੜ



ਭਾਰਤੀ ਕੁਲੀਨ ਮੀਡੀਆ ਅਤੇ ਸੱਤਾਧਾਰੀਆਂ ਵਲੋਂ ਬੇਨਾਮ ਪਰਵਾਸੀ ਕਿਰਤੀਆਂ ਦੀ ਅਚਾਨਕ ਤੇ ਦਿਲ ਨੂੰ ਛੂਹ ਜਾਣ ਵਾਲੀ ਤ੍ਰਾਸਦੀ ਦੀ ਖੋਜ ਨੂੰ ਮੈਂ ਨਿੱਤ ਦੇਖਦੀ ਆ ਰਹੀ ਹਾਂ। ਜਾਪਦਾ ਹੈ ਕਿ ਸਭ ਟਿੱਪਣੀਕਾਰ ਸਮਕਾਲੀ ਇਤਿਹਾਸ ਦੇ ਨਾਲ-ਨਾਲ ਅਨੇਕਾਂ ਅਰਥ ਸ਼ਾਸਤਰੀਆਂ, ਬੁੱਧੀਜੀਵੀਆਂ, ਮੀਡੀਆ ਅਤੇ ਮੁੱਖ ਤੌਰ 'ਤੇ ਕਾਂਗਰਸ (ਪੁਰਾਣੀ ਕਾਂਗਰਸ) ਅਤੇ ਭਾਰਤੀ ਜਨਤਾ ਪਾਰਟੀ ਸਮੇਤ ਤਮਾਮ ਰਾਜਨੀਤਕ ਪਾਰਟੀਆਂ ਦੀ ਸਰਗਰਮ ਭੂਮਿਕਾ ਤੋਂ ਉਕਾ ਹੀ ਬੇਖਬਰ ਹਨ

ਜਿਨ੍ਹਾਂ ਦੀ ਵਜ੍ਹਾ ਨਾਲ ਨੌਬਤ ਇਥੋਂ ਤਕ ਪਹੁੰਚੀ ਹੈ। ਉਨ੍ਹਾਂ ਵਿਚੋਂ ਕੁਝ ਲੋਕ ਜੋ ਅੱਜ ਸਦਮੇ ਦੀ ਹਾਲਤ ਵਿਚ ਨਜ਼ਰ ਆ ਰਹੇ ਹਨ, ਉਹ ਉਦੋਂ ਬਹੁਤ ਹੀ ਖ਼ੁਸ਼ ਸਨ, ਜਦ ਤਮਾਮ ਸੁਰੱਖਿਆ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਅਤੇ ਗਰੀਬ ਪੇਂਡੂਆਂ ਦੀਆਂ ਜ਼ਮੀਨਾਂ ਅਤੇ ਵਸੀਲੇ ਖੋਹਣ ਦੀ ਹਿੰਸਕ ਮੁਹਿੰਮ ਚਲਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਹੀ ਪਿੰਡਾਂ ਵਿਚੋਂ ਬੇਦਖਲ ਕੀਤਾ ਜਾ ਰਿਹਾ ਸੀ।

ਇਹ ਸਭ ਅਚਾਨਕ ਨਹੀਂ ਵਾਪਰਿਆ। ਦਹਾਕਿਆਂ ਤੋਂ ਇਕ ਯੋਜਨਾਬੱਧ ਨੀਤੀ ਤਹਿਤ ਗਰੀਬ ਲੋਕਾਂ ਨੂੰ ਉਂਜ ਹੀ ਹੂੰਝ ਕੇ ਪਾਸੇ ਕਰ ਦੇਣ ਦਾ ਸਿਲਸਿਲਾ ਚੱਲਦਾ ਰਿਹਾ ਹੈ। ਇਸ ਤਬਾਹੀ ਨੂੰ ਪੇਤਲਾ ਪਾਉਣ ਲਈ ਕਾਂਗਰਸ ਨੇ ਮਹਾਤਮਾ ਗਾਂਧੀ ਕੌਮੀ ਰੁਜ਼ਗਾਰ ਯੋਜਨਾ ਸ਼ੁਰੂ ਕੀਤੀ, ਜਿਸ ਦੇ ਤਹਿਤ ਪੇਂਡੂ ਪਰਿਵਾਰਾਂ ਨੂੰ ਇਕ ਸਾਲ ਵਿਚ ਸੌ ਦਿਨ ਲਈ ਰੁਜ਼ਗਾਰ ਮੁਹੱਈਆ ਕਰਾਇਆ ਜਾਂਦਾ ਹੈ। ਭਾਜਪਾ ਨੇ ਇਹ ਯੋਜਨਾ ਵੀ ਹੋਰ ਜ਼ਿਆਦਾ ਖੋਖਲੀ ਬਣਾ ਦਿੱਤੀ। ਅਸੀਂ ਸਾਰੇ ਲੋਕ ਜੋ ਵਰ੍ਹਿਆਂ ਤੋਂ ਇਸ ਨੂੰ ਲੈ ਕੇ ਦਲੀਲਬਾਜ਼ੀ ਕਰਦੇ ਆ ਰਹੇ ਸੀ, ਉਨ੍ਹਾਂ ਨੂੰ ਰਾਸ਼ਟਰ ਵਿਰੋਧੀ, ਦਹਿਸ਼ਤਗਰਦਾਂ ਦੇ ਹਮਦਰਦ ਅਤੇ ਇਸ ਤੋਂ ਭੈੜੇ ਸ਼ਬਦਾਂ ਨਾਲ ਨਵਾਜਿਆ ਗਿਆ। ਸਾਡੇ ਵਿਚੋਂ ਕਈ ਸਰਬੋਤਮ ਵਕੀਲ, ਵਿਦਵਾਨ ਅਤੇ ਕਾਰਕੁਨ ਸਾਥੀ ਅੱਜ ਜੇਲ੍ਹਾਂ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ, ਜਾਂ ਜੋ ਕਰੋਨਾ ਵਾਇਰਸ ਦੀ ਲਪੇਟ ਵਿਚ ਆਉਣ ਦੇ ਖਤਰੇ ਦਾ ਸਾਹਮਣਾ ਕਰ ਰਹੇ ਹਨ।

ਮਹਾਮਾਰੀ ਦੇ ਦੌਰ ਵਿਚ ਭੁੱਖਮਰੀ ਅਤੇ ਨਫਰਤ ਦੇ ਸੰਕਟ ਵਿਚ ਜਿਵੇਂ ਇਜ਼ਾਫਾ ਹੋਇਆ ਹੈ, ਉਸ ਦੇ ਪਾਲਣ-ਪੋਸ਼ਣ ਕਰਨ ਦਾ ਕੰਮ ਮੁੱਖਧਾਰਾ ਦੀਆਂ ਰਾਜਨੀਤਕ ਪਾਰਟੀਆਂ, ਨੀਤੀਘਾੜੇ ਅਤੇ ਮੀਡੀਆ ਸੰਸਥਾਵਾਂ ਵਰ੍ਹਿਆਂ ਤੋਂ ਕਰ ਰਹੇ ਸਨ। ਫਿਰਕਾਪ੍ਰਸਤੀ ਅਤੇ ਕਾਰਪੋਰੇਟ ਸਰਮਾਏਦਾਰੀ ਇਕ ਦੂਜੇ ਦੀਆਂ ਬਾਹਾਂ ਵਿਚ ਬਾਹਾਂ ਪਾ ਕੇ ਠੁਮਕੇ ਤਾਂ ਨਾ ਜਾਣੇ ਕਦੋਂ ਤੋਂ ਲਗਾ ਰਹੇ ਸਨ ਅਤੇ ਹੁਣ ਅਸੀਂ ਉਨ੍ਹਾਂ ਦੇ ਤਾਂਡਵ ਨਾਚ ਨਾਲ ਹੋ ਰਹੀ ਤਬਾਹੀ ਨੂੰ ਦੇਖ ਰਹੇ ਹਾਂ।

ਅਸੀਂ ਸਾਰੇ ਇਹ ਬਹਾਨਾ ਨਹੀਂ ਬਣਾ ਸਕਦੇ ਕਿ ਜੋ ਕੁਝ ਅੱਜ ਹੋ ਰਿਹਾ, ਇਸ ਦੀ ਤਾਂ ਕਦੇ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ, ਤੇ ਇਸ ਦੇ ਲਈ ਕੋਈ ਜ਼ਿੰਮੇਵਾਰ ਨਹੀਂ ਹੈ। ਮੈਂ 2011 ਵਿਚ ਆਪਣੀ ਕਿਤਾਬ ?ਬਰੋਕਨ ਰਿਪਬਲਿਕ' ਦੀ ਜਾਣ-ਪਛਾਣ ਵਿਚ ਇਸ ਦੀ ਚਰਚਾ ਕੀਤੀ ਸੀ। ਉਸ ਵਕਤ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ। ਇਹ ਸੰਖੇਪ ਹਿੱਸਾ ਉਸ ਪ੍ਰਕਿਰਿਆ ਦੇ ਬਾਰੇ ਹੈ ਜਿਸ ਦੇ ਜ਼ਰੀਏ ਗਰੀਬਾਂ ਨੂੰ ਸਾਡੀ ਸੋਚ ਵਿਚੋਂ ਹੀ ਬਾਹਰ ਕਰ ਦਿੱਤਾ ਗਿਆ ਸੀ। ਬੇਸ਼ੱਕ, ਮਹਾਮਾਰੀ ਦੇ ਇਸ ਦੌਰ ਵਿਚ ਗਰੀਬਾਂ ਉਪਰ ਆਣ ਪਈ ਆਫਤ ਨੂੰ ਲੈ ਕੇ ਲੋਕ ਦੁੱਖ ਜ਼ਾਹਿਰ ਕਰ ਰਹੇ ਹਨ ਇਸ ਦੇ ਬਾਵਜੂਦ ਉਨ੍ਹਾਂ ਦੇ ਹਾਲਾਤ ਨੂੰ ਹੋਰ ਬਦਤਰ ਬਣਾਉਣ ਦੇ ਬੰਦੋਬਸਤ ਬਦਸਤੂਰ ਜਾਰੀ ਹਨ। ਅਸੀਂ ਭੁੱਖਮਰੀ ਦੀ ਦਿਸ਼ਾ ਵਿਚ ਵਧ ਰਹੇ ਹਾਂ। ਇਨ੍ਹਾਂ ਹਾਲਾਤ 'ਚ ਬੇਹੱਦ ਜ਼ਰੂਰੀ ਹੈ ਕਿ ਮੌਜੂਦਾ ਹਾਲਾਤ ਨਾਲ ਟੁੱਟ ਚੁੱਕੇ ਅਤੇ ਭੁੱਖੇ ਮਰਦੇ ਲੋਕਾਂ ਦੇ ਲਈ ਖਾਣਾ ਅਤੇ ਪੈਸਾ ਮੁਹੱਈਆ ਕਰਾਇਆ ਜਾਵੇ। ਖਾਣਾ ਆਵੇਗਾ ਕਿਥੋਂ ? ਉਨ੍ਹਾਂ ਗੋਦਾਮਾਂ ਤੋਂ, ਜਿਨ੍ਹਾਂ ਵਿਚ ਰੱਬ ਜਾਣੇ, ਕਰੋੜਾਂ ਟਨ ਅਨਾਜ ਕਿਨ੍ਹਾਂ ਦੀ ਖਾਤਰ ਭਰ ਰੱਖਿਆ ਹੈ। ਧਨ ਕਿਥੋਂ ਆਵੇਗਾ ? ਸਿੱਧੀ ਜਿਹੀ ਗੱਲ ਹੈ, ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਜਿਨ੍ਹਾਂ ਦੇ ਕੋਲ ਧਨ-ਦੌਲਤ ਹੈ। ਅਸੀਂ ਇਕ ਐਸੇ ਮੁਲਕ ਵਿਚ ਰਹਿ ਰਹੇ ਹਾਂ ਜਿਸ ਦੇ 63 ਅਰਬਪਤੀਆਂ ਕੋਲ ਉਸ ਰਕਮ ਤੋਂ ਜ਼ਿਆਦਾ ਧਨ-ਦੌਲਤ ਹੈ ਜੋ ਕੇਂਦਰੀ ਬਜਟ ਅੰਦਰ ਇਕ ਸਾਲ ਵਿਚ ਖਰਚਣ ਲਈ ਰੱਖੀ ਜਾਂਦੀ ਹੈ। ਜੇ ਸਰਕਾਰ ਭੁੱਖਮਰੀ ਦਾ ਸ਼ਿਕਾਰ, ਨੀਮ-ਗੁਲਾਮੀ ਵਾਲੀ ਜ਼ਿੰਦਗੀ ਜਿਊਣ ਵਾਲੇ ਅਤੇ ਸਦਮੇ ਮਾਰੇ ਲੋਕਾਂ ਦੇ ਲਈ ਦਿਨ ਵਿਚ 12 ਘੰਟੇ ਕੰਮ ਕਰਨ ਵਰਗੇ ਸੰਕਟਕਾਲੀ ਕਿਰਤ ਕਾਨੂੰਨਾਂ ਉਪਰ ਵਿਚਾਰ ਕਰ ਸਕਦੀ ਹੈ ਤਾਂ ਉਹ ਧਨਾਢਾਂ ਦੇ ਲਈ ਵੀ ਕੁਝ ਸੰਕਟਕਾਲੀ ਕਾਨੂੰਨ ਬਣਾ ਸਕਦੀ ਹੈ। ਇਕ ਐਸੀ ਵਿਵਸਥਾ ਕੀਤੀ ਜਾ ਸਕਦੀ ਹੈ ਜਿਸ ਦੇ ਜ਼ਰੀਏ ਕਰੋੜਾਂ ਲੋੜਵੰਦਾਂ ਤੱਕ ਪੈਸੇ ਅਤੇ ਖਾਣਾ ਪਹੁੰਚਣਾ ਯਕੀਨੀ ਬਣਾਇਆ ਜਾ ਸਕੇ। ਸਾਨੂੰ ਇਹ ਯਕੀਨੀ ਬਣਾਉਣ ਲਈ ਯੋਜਨਾ ਬਣਾਉਣ ਦੀ ਜ਼ਰੂਰਤ ਹੈ ਕਿ ਭਵਿਖ ਵਿਚ ਸਾਨੂੰ ਕਿਸ ਤਰ੍ਹਾਂ ਜੀਣਾ ਪੈਣਾ ਹੈ। ਇਸ ਨੂੰ ਲੈ ਕੇ ਕੋਈ ਵੀ ਸੋਚ-ਵਿਚਾਰ ਨਜ਼ਰ ਨਹੀਂ ਆ ਰਹੀ। ਇਸ ਦੀ ਖਾਤਰ ਸਾਨੂੰ ਲੋੜ ਹੈ ਦਿਮਾਗ ਦੀ। ਲੋੜ ਹੈ ਦਿਲ ਦੀ। ਲੋੜ ਹੈ ਜਵਾਬਦੇਹੀ ਦੀ। ਘਟੀਆ ਅਤੇ ਬੇਅਕਲੀ ਦੀ ਨੁਮਾਇਸ਼ ਬਥੇਰੀ ਲਾ ਲਈ।

**ਲੇਖਕ : ਅਰੁੰਧਤੀ ਰਾਏ**

**(ਅਨੁਵਾਦ: ਬੂਟਾ ਸਿੰਘ)**

# ਭਾਰਤ ਅਤੇ ਵਿਸ਼ਵ ਹਵਾਬਾਜ਼ੀ 'ਤੇ ਕੋਰੋਨਾਵਾਇਰਸ ਦਾ ਪ੍ਰਭਾਵ

ਹਵਾਬਾਜ਼ੀ ਵਿਸ਼ਵ ਭਰ ਵਿੱਚ ਸਭ ਤੋਂ ਮਹੱਤਵਪੂਰਨ ਉਦਯੋਗਾਂ ਵਿੱਚੋਂ ਇੱਕ ਹੈ। ਇਸ ਉਦਯੋਗ ਵਿਚ ਵਰਤੇ ਜਾਣ ਵਾਲੇ ਜਹਾਜਾਂ ਦਾ ਵਰਤੋਂ ਸਿਰਫ ਯਾਤਰੀਆਂ ਨੂੰ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾਣ ਤੱਕ ਸੀਮਿਤ ਨਹੀਂ ਹੈ ਬਲਕਿ ਦੁਨੀਆ ਭਰ ਵਿਚ ਇਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਮਾਲ ਲਿਜਾਣਾ ਵੀ ਹੈ। ਪੂਰੀ ਦੁਨੀਆ ਵਿੱਚ ਕੋਰੋਨਾ ਵਾਇਰਸ ਫੈਲਣ ਕਾਰਨ, ਹਵਾਬਾਜ਼ੀ ਉਦਯੋਗ ਸਭ ਤੋਂ ਵੱਧ ਪ੍ਰਭਾਵਤ ਹੋਇਆ ਹੈ। ਇਸ ਦੇ ਨਤੀਜੇ ਵਜੋਂ ਭਾਰਤ ਸਮੇਤ ਕਈ ਦੇਸ਼ਾਂ ਨੇ ਹਵਾਈ ਉਡਾਣਾਂ ਰੱਦ ਕਰ ਦਿੱਤੀਆਂ ਹਨ।



ਦੁਨੀਆ ਭਰ ਦੀਆਂ ਏਅਰਲਾਈਨਾਂ ਦੁਆਰਾ ਲਗਭਗ ਸਾਰੀਆਂ ਉਡਾਣਾਂ ਦਾ ਬੰਦ ਹੋਣਾ ਕੋਰੋਨਾ ਵਾਇਰਸ ਤੋਂ ਹਵਾਬਾਜ਼ੀ ਉਦਯੋਗਾਂ ਨੂੰ ਹੋ ਰਹੇ ਨੁਕਸਾਨ ਦੀ ਵਿਸ਼ਾਲਤਾ ਨੂੰ ਉਜਾਗਰ ਕਰ ਰਿਹਾ ਹੈ। ਇਸ ਨੇ ਸਿਰਫ ਸੜਕਾ ਨੂੰ ਹੀ ਨਹੀਂ ਬਲਕਿ ਦੁਨੀਆ ਭਰ ਦੇ ਅਸਮਾਨ ਨੂੰ ਵੱਡੀ ਗਿਣਤੀ ਵਿੱਚ ਉੱਡ ਰਹੇ ਹਵਾਈ ਜਹਾਜ਼ਾਂ ਤੋਂ ਵੀ ਖਾਲੀ ਕਰ ਦਿੱਤਾ ਹੈ। ਦੁਨੀਆ ਦੇ ਕਈ ਸ਼ਹਿਰ ਜਿਵੇਂ ਕਿ ਨਿਉਯਾਰਕ ਜਿਸ ਨੂੰ ਸਿਟੀ ਨੈਵਰ ਸਲੀਪਸ (ਕਦੀ ਨਾਂ ਸੌਣ ਵਾਲਾ ਸ਼ਹਿਰ) ਕਿਹਾ ਜਾਂਦਾ ਹੈ, ਹੁਣ ਸੁਨਸਾਨ ਨਜਰ ਆ ਰਿਹਾ ਹੈ।

ਵੈਬਸਾਈਟ ਫਲਾਈਟਰੇਡਾਰ24 ਜੋ ਕਿ ਵਿਸ਼ਵ ਦੀਆ ?ਡਾਣਾਂ ਨੂੰ ਟਰੈਕ ਕਰਦੀ ਹੈ ਅਤੇ ਦੁਨੀਆ ਭਰ ਦੇ ਹਜ਼ਾਰਾਂ ਹਵਾਈ ਜਹਾਜ਼ਾਂ ਬਾਰੇ ਰੋਜ਼ਾਨਾ ਅਸਲ-ਸਮੇਂ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ ਤੋਂ ਪ੍ਰਾਪਤ ਕੀਤੇ ਗਏ ਅੰਕੜਿਆਂ ਅਨੁਸਾਰ, ਦਸੰਬਰ 2019 ਵਿਚ ਰੋਜਾਨਾਂ ਲਗਭਗ 2 ਲੱਖ ਉਡਾਣਾਂ ਹੁੰਦੀਆਂ ਸਨ ਅਤੇ ਲੱਖਾਂ ਯਾਤਰੀਆਂ ਨੂੰ ਲੈ ਕੇ ਜਾਂਦੀਆਂ ਸਨ। ਇਸ ਦੀ ਔਸਤ ਜਨਵਰੀ ਦੇ ਮਹੀਨੇ ਵਿਚ ਘਟ ਕੇ ਰੋਜਾਨਾਂ 1.8 ਲੱਖ, ਫਰਵਰੀ ਵਿਚ 1.7 ਲੱਖ ਸੀ। ਇਹ ਮਾਰਚ ਦੇ ਅੰਤ ਵਿਚ ਲਗਭਗ ਇਕ ਤਿਹਾਈ ਘੱਟ ਕੇ ਸਿਰਫ 69,000 ਰਹਿ ਗਈ ਅਤੇ ਹਰ ਦਿਨ ਹੋਰ ਵੀ ਘੱਟ ਰਹੀ ਹੈ।

ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਐਸੋਸੀਏਸ਼ਨ (ਆਈ.ਏ.ਟੀ.ਏ.) ਦੁਆਰਾ ਜਾਰੀ ਕੀਤੇ ਤਾਜ਼ਾ ਅੰਕੜਿਆਂ ਦੇ ਅਨੁਸਾਰ ਵਿਸ਼ਵ ਭਰ ਦੀਆਂ ਏਅਰਲਾਈਨਾਂ ਨੂੰ ਲਗਭਗ 252 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਅਮੀਰਾਤ, ਇਤੀਹਾਦ, ਲੁਫਥਾਂਸਾ, ਸਿੰਗਾਪੁਰ ਏਅਰਲਾਇੰਸ ਵਰਗੀਆਂ ਕਈ ਦੁਨੀਆ ਦੀਆਂ ਪ੍ਰਮੁੱਖ ਏਅਰਲਾਇਨਾਂ ਨੂੰ ਆਪਣੇ ਜਹਾਜ਼ ਹਵਾਈ ਅੱਡਿਆਂ ਤੇ ਖੜੇ ਕਰਨੇ ਪੈ ਗ? ਹਨ। ਇਹ ਘੱਟ ਰਹੀ ਹਵਾਈ ਆਵਾਜਾਈ ਕਾਰਨ ਨਹੀਂ ਹੋਇਆ ਬਲਕਿ ਬਹੁਤ ਸਾਰੇ ਦੇਸ਼ਾਂ ਦੀ ਸਰਕਾਰ ਨੇ ਸਾਰੀਆਂ

ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਤੇ ਪਾਬੰਦੀ ਵੀ ਲਗਾ ਦਿੱਤੀ ਹੈ। ਭਾਰਤ ਨੇ ਵੀ ਸਾਰੇ ਘਰੇਲੂ ਅਤੇ ਅੰਤਰਰਾਸ਼ਟਰੀ ਫਲਾਈਟਾਂ ਨੂੰ ਪਹਿਲਾਂ 24 ਮਾਰਚ ਤੋਂ 30 ਮਾਰਚ ਤੱਕ ਬੰਦ ਕਰ ਦਿੱਤਾ ਸੀ ਜੋ ਕਿ ਪਹਿਲਾਂ 14 ਅਪ੍ਰੈਲ, ਫਿਰ 3 ਮਈ ਤੋਂ ਵਧਾ ਕੇ 17 ਮਈ 2020 ਦੀ ਅੱਧੀ ਰਾਤ ਤੱਕ ਵਧਾ ਦਿੱਤਾ ਗਿਆ। ਸਾਰੀਆਂ ਭਾਰਤੀ ਏਅਰਲਾਈਨਾਂ ਏਅਰ ਇੰਡੀਆ, ਇੰਡੀਗੋ, ਵਿਸਤਾਰਾ, ਸਪਾਈਸਜੈੱਟ, ਗੋਏਅਰ ਨੂੰ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰਨੀਆਂ ਪਈਆਂ। ਉਨ੍ਹਾਂ ਨੂੰ ਭਾਰਤ ਦੇ ਵੱਖ-ਵੱਖ ਹਵਾਈ ਅੱਡਿਆਂ 'ਤੇ ਪਾਰਕਿੰਗ ਸਥਾਨਾਂ ਦੀ ਵੀ ਭਾਲ ਕਰਨੀ ਪਈ ਅਤੇ ਕਈ ਸਟਾਫ ਮੈਂਬਰ ਵੱਖ-ਵੱਖ ਸ਼ਹਿਰਾਂ ਵਿਚ ਫਸੇ ਹੋਏ ਹਨ। ਸੈਂਟਰ ਫਾਰ ਏਵੀਏਸ਼ਨ (ਸੀ.ਏ.ਪੀ.ਏ.) ਦੀ ਭਾਰਤ ਦੀ ਸ਼ਾਖਾ, ਜੋ ਕਿ ਹਵਾਬਾਜ਼ੀ ਅਤੇ ਯਾਤਰਾ ਉਦਯੋਗ ਦੇ ਅਨੁਮਾਨਾਂ ਲਈ ਜਾਣਕਾਰੀ ਪ੍ਰਦਾਨ ਕਰਦਾ ਹੈ, ਨੇ ਇਹ ਅਨੁਮਾਨ ਲਗਾਇਆ ਹੈ ਕਿ ਭਾਰਤ ਦੀ ਰਾਸ਼ਟਰੀ ਏਅਰਲਾਈਨ ਏਅਰ ਇੰਡੀਆ ਨੂੰ ਰੋਜ਼ਾਨਾ 30-35 ਕਰੋੜ ਦਾ ਘਾਟਾ ਹੋ ਰਿਹਾ ਹੈ। ਉਡਾਣਾਂ ਬੰਦ ਹੋਣ ਨਾਲ ਇਹ ਘਾਟਾ ਦਿਨੋ ਦਿਨ ਵੱਧ ਰਿਹਾ ਹੈ ਤੇ ਕੁੱਝ ਏਅਰਲਾਈਨ ਕੰਪਨੀਆਂ ਨੂੰ ਅਕਾਸ਼ ਵੱਲ ਨੂੰ ਉਡਾਣ ਭਰਨਾ ਮੁਸ਼ਕਲ ਹੋ ਸਕਦਾ ਹੈ। ਇਹ ਬਹੁਤ ਸਾਰੀਆਂ ਹੋਰ ਏਅਰਲਾਈਨਾਂ ਦੇ ਭਵਿੱਖ 'ਤੇ ਵੀ ਇਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਮਾਰਚ ਵਿਚ, ਫਲਾਈਬੀ, ਜੋ ਕਿ ਯੂਰਪ ਦੀ ਸਭ ਤੋਂ ਵੱਡੀ ਖੇਤਰੀ ਏਅਰਲਾਈਨ ਹੈ, ਵਾਇਰਸ ਦੇ ਕਾਰਨ ਵਿੱਤੀ ਘਾਟੇ ਨੂੰ ਪੂਰਾ ਨਾ ਕਰ ਸਕੀ ਤੇ ਜਿਸ ਕਾਰਨ ਦੀਵਾਲੀਆ ਨਿਕਲ ਗਿਆ। ਆਈ.ਏ.ਟੀ.ਏ ਦਾ ਅਨੁਮਾਨ ਹੈ ਕਿ ਕਈ ਹੋਰ ਏਅਰਲਾਇੰਸ ਇਸ ਸਥਿਤੀ ਵਿਚ ਜਾ ਸਕਦੀਆਂ ਹਨ ਜੇਕਰ ਜਲਦੀ ਤੋਂ ਜਲਦੀ ਉਡਾਣਾਂ ਸ਼ੁਰੂ ਨਹੀਂ ਹੁੰਦੀਆਂ। ਸਿਰਫ ਏਅਰਲਾਇੰਸ ਹੀ ਨਹੀਂ, ਇਹ ਸਥਿਤੀ ਜਹਾਜ਼ ਨਿਰਮਾਤਾਵਾਂ 'ਤੇ ਵੀ ਸਖਤ ਪ੍ਰਭਾਵ ਪਾ ਰਹੀ ਹੈ। ਏਅਰਬੱਸ ਅਤੇ ਬੋਇੰਗ, ਵਿਸ਼ਵ ਦੇ ਸਭ ਤੋਂ ਵੱਡੇ ਏਅਰਕ੍ਰਾਫਟ ਨਿਰਮਾਣਕਾਂ ਨੇ ਆਪਣੇ ਬਹੁਤ ਸਾਰੇ ਜਹਾਜ਼ਾਂ ਦੇ ਉਤਪਾਦਨ ਲਈ ਅਸਥਾਈ ਮੁਅੱਤਲੀ ਦੀ ਘੋਸ਼ਣਾ ਕੀਤੀ ਹੈ। ਉਤਪਾਦਨ ਵਿਚ ਰੁਕਾਵਟ, ਏਅਰਲਾਈਨਾਂ ਦੁਆਰਾ ਨਵੇਂ ਜਹਾਜ਼ਾਂ ਨੂੰ ਨਾ ਖਰੀਦਣਾ, ਇਕ ਵੱਡਾ ਵਿੱਤੀ ਘਾਟਾ ਪਾ ਰਹੇ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਦੇ ਕਾਰਨ, ਉਦਯੋਗ ਦੇ ਸਾਰੇ ਕਰਮਚਾਰੀਆਂ ਦੇ ਭਵਿੱਖ 'ਤੇ ਵੀ ਇਕ ਵੱਡਾ ਪ੍ਰਸ਼ਨ ਹੈ। ਫਲਾਈਬੀ ਦੇ ਬੰਦ ਹੋਣ ਨਾਲ ਇਸਦੇ ਹਜ਼ਾਰਾਂ ਕਰਮਚਾਰੀ ਬੇਰੁਜ਼ਗਾਰ ਹੋ ਗਏ। ਜੇ ਇਹ ਸਥਿਤੀ ਜਾਰੀ ਰਹਿੰਦੀ ਹੈ, ਤਾਂ ਹੋ ਸਕਦਾ ਹੈ ਕਿ ਲੱਖਾਂ ਲੋਕ ਭਾਰਤ ਅਤੇ ਵਿਸ਼ਵ ਭਰ ਵਿਚ ਬੇਰੁਜ਼ਗਾਰ ਹੋਣਗੇ। ਜਿਵੇਂ ਕਿ ਏਅਰ ਲਾਈਨਜ਼ ਨਵੇਂ ਕਰਜ਼ੇ ਲੈਣ ਲਈ ਸੰਘਰਸ਼ ਕਰ ਰਹੀਆਂ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਉਨ੍ਹਾਂ ਲਈ ਸਰਕਾਰੀ ਮਦਦ 'ਤੇ ਨਿਰਭਰ ਕਰ ਰਹੇ ਹਨ। ਇਸ ਵਕਤ ਵਧੀਆ ਵਿੱਤੀ ਸੰਤੁਲਨ ਵਾਲੀਆਂ ਏਅਰਲਾਈਨਾਂ ਇਹਨਾਂ ਹਲਾਤਾਂ ਤੋਂ ਬਚ ਸਕਦੀਆਂ ਹਨ। ਭਾਰਤ ਅਤੇ ਵਿਸ਼ਵ ਦੇ ਹਵਾਈ ਅੱਡਿਆਂ ਨੂੰ ਵੀ ਫਲਾਈਟਾਂ ਰੱਦ ਹੋਣ ਕਾਰਨ, ਫੀਸ ਦੇ ਰੂਪ ਵਿੱਚ ਹੋ ਰਹੀ ਆਮਦਨੀ ਨਾ ਹੋਣ ਕਾਰਨ ਭਾਰੀ ਘਾਟਾ ਹੋ ਰਿਹਾ ਹੈ। ਇਕ ਵਾਰ ਜਦੋਂ ਸਥਿਤੀ ਆਮ ਵਾਂਗ ਹੋ ਜਾਂਦੀ ਹੈ, ਤਾਂ ਇਹ ਉਦਯੋਗ ਇਕਸਾਰ ਨਹੀਂ ਦਿਖਾਈ ਦੇਵੇਗਾ। ਪੰਜਾਬ ਲਈ, ਅੰਮ੍ਰਿਤਸਰ ਆਪਣੇ ਕੁਝ ਮੌਜੂਦਾ ਰੂਟਾਂ 'ਤੇ ਅਸਥਾਈ ਤੌਰ 'ਤੇ ਆਪਣਾ ਅੰਤਰਰਾਸ਼ਟਰੀ ਸੰਪਰਕ ਗੁਆ ਸਕਦਾ ਹੈ। ਏਅਰਲਾਈਨਾਂ ਵੱਡੇ ਹਵਾਈ ਅੱਡਿਆਂ ਤੋਂ ਰੂਟ ਮੁੜ ਸ਼ੁਰੂ ਕਰਨ 'ਤੇ ਧਿਆਨ ਕੇਂਦਰਤ ਕਰਣਗੀਆ, ਇਸ ਤੋਂ ਬਾਅਦ ਅੰਮ੍ਰਿਤਸਰ ਵਰਗੇ ਟੀਅਰ -2 ਹਵਾਈ ਅੱਡੇ ਤੋਂ ਸ਼ੁਰੂ ਕਰਣਗੀਆਂ। ਅੰਮ੍ਰਿਤਸਰ ਤੋਂ ਉਡਾਣਾਂ ਬੰਦ ਹੋਣ ਤੋਂ ਪਹਿਲਾਂ 9 ਅੰਤਰਰਾਸ਼ਟਰੀ ਅਤੇ 9 ਘਰੇਲੂ ਸ਼ਹਿਰਾਂ ਲਈ ਉਡਾਣਾਂ ਸਨ ਅਤੇ ਇੱਥੋਂ ਰੋਜ਼ਾਨਾਂ 25 ਤੋਂ 30 ਉਡਾਣਾਂ ਸਨ। ਉਡਾਣਾਂ ਬੰਦ ਹੋਣ ਨਾਲ ਵਿਦੇਸ਼ਾ ਵਿਚ ਵਸੇ ਕਈ ਭਾਰਤੀ ਅਤੇ ਸੈਲਾਨੀ ਭਾਰਤ ਵਿਚ ਅਤੇ ਭਾਰਤੀ ਵਿਦੇਸ਼ੀ ਮੁਲਕਾਂ ਵਿਚ ਫਸ ਗਏ ਹਨ। ਸਰਕਾਰਾਂ ਵਲੋਂ ਵਿਸ਼ੇਸ਼ ਰਾਹਤ ਵਾਲੀਆਂ ਉਡਾਣਾਂ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਨਾਗਰਿਕ ਆਪਣਾ ਮੁਲਕ ਵਾਪਸ ਪਰਤ ਸਕਣ। ਇਸ ਲੇਖ ਦੇ ਲਿਖੇ ਜਾਣ ਤੱਕ ਭਾਰਤ ਅਤੇ ਵਿਦੇਸ਼ੀ ਮੁਲਕਾਂ ਦਰਮਿਆਨ ਆਮ ਵਾਂਗ ਉਡਾਣਾਂ ਦਾ ਜਲਦੀ ਸ਼ੁਰੂ ਹੋਣਾ ਬਹੁਤ ਮੱਧਮ ਜਾਪ ਰਿਹਾ ਹੈ।

**ਰਵਰੀਤ ਸਿੰਘ, ਅੰਮ੍ਰਿਤਸਰ, ਪੰਜਾਬ**

Thinking of Buying/Selling ?

WIN ZONE Realty Inc.

WIN ZONE REALTY INC.



Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com

Nlight Financial

# Insurance



**Are you paying too much for Auto, Home, Business, Workman Compensation, Contractors, General Liability, E&O ?**

**Call us today for complimentary analysis of your policy.**

## NLight Financial LLC



Sharanjit Singh Thind
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com

1

Delivering News,
Uncomprimised
& Unbiased for the

# Last 16 years

Some Call us a Media House, others Call us an Institution to learn from







ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

## ਪੰਜਾਬੀ ਦੁਨੀਆ

Punjabi Duniya Punjabi Duniya.Com LLC
Since April 2005
Email : punjabiduniya@gmail.com, Web : www.punjabiduniya.com

The South Asian

## INSIDER

Published Weekly from New York

Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158

**LAURA CURRAN**
NASSAU COUNTY EXECUTIVE

**DR. LAWRENCE EISENSTEIN**
COMMISSIONER
DEPARTMENT OF HEALTH

# STOP THE SPREAD OF GERMS

## Help prevent the spread of respiratory viruses like

# NOVEL CORONAVIRUS



**Wash your hands often with soap and water for at least 20 seconds.**



**Cover your cough or sneeze with a tissue, then throw it in the trash.**



**Avoid touching your eyes, nose and mouth.**



**Stay home when you are sick, except to get medical care.**



**Clean and disinfect frequently touched objects and surfaces.**



**Avoid close contact with people who are sick.**

If you have any questions, please call the
**NYS CORONAVIRUS HOTLINE 888-364-3065**
or call
**NASSAU COUNTY CORONAVIRUS CALL CENTER 516-227-9570**

**Nassau County Department of Health • 200 County Seat Drive, Mineola**

NCPG